# NDA ਦੇ 11 ਸੰਕਲਪ 2022



# NDA ਦੇ 11 ਸੰਕਲਪ

## ਸ਼ਾਂਤੀ ਅਤੇ ਭਾਈਚਾਰਾ

- ਅਸੀਂ ਬੇਅਦਬੀ ਲਈ ਜ਼ੀਰੋ ਸਹਿਣਸ਼ੀਲਤਾ ਦੀ ਨੀਤੀ ਬਣਾਵਾਂਗੇ | ਬੇਅਦਬੀ ਦੇ ਮਾਮਲਿਆਂ ਦੀ ਤੇਜ਼ੀ ਨਾਲ ਜਾਂਚ ਲਈ ਵਿਸ਼ੇਸ਼ ਟਾਸਕ ਫੋਰਸ ਅਤੇ ਫਾਸਟ ਟਰੈਕ ਅਦਾਲਤਾਂ ਦੀ ਸਥਾਪਨਾ ਕੀਤੀ ਜਾਵੇਗੀ | ਬੇਅਦਬੀ ਵਿਰੁੱਧ ਬਣੇ ਕਾਨੂੰਨ ਨੂੰ ਸਖ਼ਤੀ ਨਾਲ ਲਾਗੂ ਕਰਨਾ ਯਕੀਨੀ ਬਣਾਵਾਂਗੇ।
- ਸਰਹੱਦ ਪਾਰ ਦੇ ਅੱਤਵਾਦ, ਨਸ਼ੇ ਦੀ ਤਸਕਰੀ ਅਤੇ ਹਥਿਆਰਾਂ ਦੀ ਸਪਲਾਈ ਨੂੰ ਰੋਕਣ ਲਈ ਡਰੋਨ ਨਿਗਰਾਨੀ, ਇਲੈਕਟ੍ਰਿਕ ਫੈਂਸਾਂ ਅਤੇ ਪੁਲਿਸ ਚੌਕੀਆਂ ਦੇ ਨਿਰਮਾਣ ਵਰਗੇ ਸਖ਼ਤ ਕਦਮ ਚੁੱਕੇ ਜਾਣਗੇ।
- ਅਸੀਂ ਸੂਬੇ ਵਿੱਚ ਗੈਂਗ ਕਲਚਰ ਨੂੰ ਖਤਮ ਕਰਨ ਲਈ ਸਖ਼ਤ ਕਾਨੂੰਨ ਲਾਗੂ ਕਰਾਂਗੇ| ਇਸ ਦੇ ਨਾਲ ਹੀ ਸੀਸੀਟੀਵੀ ਨਿਗਰਾਨੀ ਵਿੱਚ ਵਾਧਾ ਅਤੇ ਜੇਲ੍ਹਾਂ ਵਿੱਚ ਸੁਰੱਖਿਆ ਪ੍ਰਬੰਧਾਂ ਨੂੰ ਮਜ਼ਬੂਤ ਕਰਾਂਗੇ।
- ਨਾਗਰਿਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਰਾਜ ਭਰ ਵਿੱਚ ਇੱਕ ਸਿੰਗਲ ਐਮਰਜੈਂਸੀ ਪੁਲਿਸ ਸਹਾਇਤਾ ਨੰਬਰ ਸ਼ੁਰੂ ਕੀਤਾ ਜਾਵੇਗਾ। ਸ਼ਿਕਾਇਤ ਮਿਲਣ ਦੇ 15 ਮਿੰਟਾਂ ਦੇ ਅੰਦਰ ਪੁਲਿਸ ਦਾ ਮੌਕੇ ਤੇ ਪੁੱਜਣਾ ਲਾਜ਼ਮੀ ਕੀਤਾ ਜਾਵੇਗਾ।
- ਅੱਤਵਾਦ ਤੋਂ ਪੀੜਤ ਪਰਿਵਾਰਾਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਲਈ Truth and reconciliation Commission (ਸੱਚ ਅਤੇ ਸੁਲ੍ਹਾ ਕਮਿਸ਼ਨ) ਦਾ ਗਠਨ ਕੀਤਾ ਜਾਵੇਗਾ ਅਤੇ ਅੱਤਵਾਦ ਪ੍ਰਭਾਵਿਤ ਪਰਿਵਾਰਾਂ ਨੂੰ ਯਕਮੁਸ਼ਤ 5 ਲੱਖ ਰੁਪਏ ਦਾ ਮੁਆਵਜ਼ਾ ਦਿੱਤਾ ਜਾਵੇਗਾ।

## ਮਾਫੀਆ ਮੁਕਤ ਪੰਜਾਬ

- ਮਾਫੀਆ ਰਾਜ ਨੂੰ ਖਤਮ ਕਰਨ ਲਈ ਕੇਂਦਰੀ ਸੁਰੱਖਿਆ ਏਜੰਸੀਆਂ ਦੀ ਤਰਜ ਤੇ ਨਵੀਨਤਮ ਤਕਨਾਲੋਜੀ ਦਾ ਇਸਤੇਮਾਲ ਕੀਤਾ ਜਾਵੇਗਾ |
- ਪੰਜਾਬ ਵਿੱਚ ਰੇਤ, ਜ਼ਮੀਨ ਅਤੇ ਸ਼ਰਾਬ ਮਾਫੀਆ ਖ਼ਤਮ ਕਰਨ ਲਈ ਲੋਕਾਯੁਕਤ ਨੂੰ ਮਜਬੂਤ ਬਣਾਇਆ ਜਾਵੇਗਾ |
- ਗੈਰ-ਲਾਇਸੈਂਸੀ ਸ਼ਰਾਬ ਦੇ ਕਾਰੋਬਾਰ ਨੂੰ ਨੱਥ ਪਾਉਣ ਲਈ ਨਵੀਂ ਆਬਕਾਰੀ ਅਤੇ ਟੈਕਸ ਨੀਤੀ ਅਤੇ ਅਣ-ਅਧਿਕਾਰਤ ਰੇਤ ਮਾਈਨਿੰਗ ਨੂੰ ਰੋਕਣ ਲਈ 'ਮਾਈਨਿੰਗ ਅਥਾਰਟੀ' ਦਾ ਗਠਨ ਕੀਤਾ ਜਾਵੇਗਾ।
- ਸਰਕਾਰੀ ਸੇਵਾਵਾਂ ਦੀ ਸਮੇਂ ਸਿਰ ਡਿਲੀਵਰੀ ਅਤੇ ਜਨਤਕ ਸ਼ਿਕਾਇਤਾਂ ਦੇ ਨਿਪਟਾਰੇ ਲਈ ਸਿਟੀਜ਼ਨ ਚਾਰਟਰ ਐਕਟ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਵੇਗਾ।
- ਸਰਕਾਰੀ ਠੇਕਿਆਂ ਵਿੱਚ ਭ੍ਰਿਸ਼ਟਾਚਾਰ ਅਤੇ ਏਕਾਧਿਕਾਰ ਨੂੰ ਜੜ੍ਹੋਂ ਪੁੱਟਣ ਲਈ ਪਾਰਦਰਸ਼ੀ ਈ-ਟੈਂਡਰਿੰਗ ਸ਼ੁਰੂ ਕੀਤੀ ਜਾਵੇਗੀ।

## ਨਸ਼ਾ ਮੁਕਤ ਪੰਜਾਬ

- ਸੂਬੇ ਵਿੱਚ ਡਰੱਗ ਸਪਲਾਈ ਚੇਨ ਨੂੰ ਤੋੜਨ ਲਈ ਸਖ਼ਤ ਕਾਨੂੰਨ ਲਾਗੂ ਕਰਨਾ ਯਕੀਨੀ ਬਣਾਇਆ ਜਾਵੇਗਾ।
- ਸੂਬੇ ਵਿੱਚ ਨਸ਼ਿਆਂ ਦੀ ਲਾਹਨਤ ਨੂੰ ਜੜ੍ਹੋਂ ਪੁੱਟਣ ਲਈ ਹਰੇਕ ਜ਼ਿਲ੍ਹੇ ਵਿੱਚ ਇੱਕ ਵਿਸ਼ੇਸ਼ ਨਸ਼ਾ ਰੋਕਥਾਮ ਟਾਸਕ ਫੋਰਸ ਦਾ ਗਠਨ ਕੀਤਾ ਜਾਵੇਗਾ।
- ਨਸ਼ਿਆਂ ਨਾਲ ਸਬੰਧਤ ਕੇਸਾਂ ਨੂੰ ਤੇਜ਼ੀ ਨਾਲ ਨਿਪਟਾਉਣ ਲਈ ਫਾਸਟ-ਟਰੈਕ ਅਦਾਲਤਾਂ ਸ਼ੁਰੂ ਕੀਤੀਆਂ ਜਾਣਗੀਆਂ।
- ਨਸ਼ਿਆਂ ਦੀ ਰੋਕਥਾਮ ਲਈ ਟੋਲ-ਫ੍ਰੀ ਹੈਲਪਲਾਈਨ ਸ਼ੁਰੂ ਕੀਤੀ ਜਾਵੇਗੀ | ਨਸ਼ੀਲੇ ਪਦਾਰਥਾਂ ਦੀ ਵਿਕਰੀ ਦੀ ਸ਼ਿਕਾਇਤ ਕਰਨ ਤੇ ਨਗਦ ਇਨਾਮ ਦਿੱਤਾ ਜਾਵੇਗਾ ਅਤੇ ਸ਼ਿਕਾਇਤ ਕਰਤਾ ਦੀ ਸੁਰੱਖਿਆ ਲਈ ਨਾਮ ਗੁਪਤ ਰੱਖਿਆ ਜਾਵੇਗਾ।
- ਚੋਣਾਂ ਲਈ ਨਾਮਜ਼ਦਗੀ ਫ਼ਾਰਮ ਭਰਨ ਤੋਂ ਪਹਿਲਾਂ ਡੋਪ ਟੈਸਟ ਲਾਜ਼ਮੀ ਕੀਤਾ ਜਾਵੇਗਾ |

## ਹਰ ਹੱਥ ਨੂੰ ਰੋਜਗਾਰ

- ਸਕਸ਼ਮ ਯੁਵਾ ਯੋਜਨਾ ਤਹਿਤ ਸੂਬੇ ਦੇ ਹਰ ਨੌਜਵਾਨ ਨੂੰ ਹਰ ਮਹੀਨੇ ਘੱਟੋ ਘੱਟ 150 ਘੰਟੇ ਕੰਮ ਦੀ ਗਰੰਟੀ ਦਿੱਤੀ ਜਾਵੇਗੀ।
- ਸੂਬੇ ਦੇ ਸਰਕਾਰੀ ਵਿਭਾਗਾਂ ਵਿੱਚ ਸਾਰੀਆਂ ਖਾਲੀ ਅਸਾਮੀਆਂ ਸਰਕਾਰ ਬਣਨ ਦੇ ਇੱਕ ਸਾਲ ਦੇ ਅੰਦਰ ਭਰੀਆਂ ਜਾਣਗੀਆਂ।
- ਪੰਜਾਬ ਦੇ ਬੇਰੋਜ਼ਗਾਰ ਗ੍ਰੈਜੂਏਟਾਂ ਨੂੰ ਡਿਗਰੀ ਪੂਰੀ ਹੋਣ ਤੋਂ ਬਾਅਦ 2 ਸਾਲਾਂ ਤੱਕ 4000 ਰੁਪਏ ਪ੍ਰਤੀ ਮਹੀਨਾ ਦਾ ਬੇਰੁਜ਼ਗਾਰੀ ਭੱਤਾ ਪ੍ਰਦਾਨ ਕੀਤਾ ਜਾਵੇਗਾ।
- ਪੰਜਾਬ ਰਾਜ ਦੀਆਂ ਸਰਕਾਰੀ ਨੌਕਰੀਆਂ ਲਈ ਭਰਤੀ ਫਾਰਮ ਮੁਫ਼ਤ ਕੀਤੇ ਜਾਣਗੇ।
- ਉੱਦਮਤਾ ਨੂੰ ਉਤਸ਼ਾਹਿਤ ਕਰਨ ਅਤੇ ਹੋਰ ਰੋਜ਼ਗਾਰ ਪੈਦਾ ਕਰਨ ਲਈ SIDBI ਨਾਲ ਸਾਂਝੇਦਾਰੀ ਕੀਤੀ ਜਾਵੇਗੀ | ਰਾਜ ਵਿੱਚ ਸੂਖਮ-ਉਦਮੀਆਂ ਦੀ ਪਛਾਣ ਕਰਨ, ਉਨ੍ਹਾਂ ਨੂੰ ਤਿਆਰ ਕਰਨ ਅਤੇ ਉਤਸ਼ਾਹਿਤ ਕਰਨ ਲਈ "ਮਿਸ਼ਨ ਸਵਾਵਲੰਬਨ" ਦੀ ਸ਼ੁਰੂਆਤ ਕਰਾਂਗੇ।

## ਖੁਸ਼ਹਾਲ ਕਿਸਾਨ

- ਪੰਜ ਏਕੜ ਤੋਂ ਘੱਟ ਜ਼ਮੀਨ ਵਾਲੇ ਸਾਰੇ ਕਿਸਾਨਾਂ ਦਾ ਖੇਤੀ ਕਰਜ਼ਾ ਮਾਫ ਕਰਾਂਗੇ।
- ਕੇਂਦਰ ਸਰਕਾਰ ਵਲੋਂ ਦਿੱਤੀ ਜਾ ਰਹੀ MSP ਵਿਵਸਥਾ ਦਾ ਵਿਸਤਾਰ ਕਰਦੇ ਹੋਏ ਫਲਾਂ, ਸਬਜ਼ੀਆਂ, ਦਾਲਾਂ ਅਤੇ ਤੇਲ ਬੀਜਾਂ ਦਾ ਉਤਪਾਦਨ ਕਰਨ ਵਾਲੇ ਕਿਸਾਨਾਂ ਲਈ ਵੀ ਘੱਟੋ-ਘੱਟ ਸਮਰਥਨ ਮੁੱਲ (ਐੱਮ. ਐੱਸ. ਪੀ.) ਯਕੀਨੀ ਬਣਾਇਆ ਜਾਵੇਗਾ। ਫਸਲੀ ਵਿਭਿੰਨਤਾ ਅਤੇ ਟਿਕਾਊ ਖੇਤੀ ਨੂੰ ਉਤਸ਼ਾਹਿਤ ਕਰਨ ਲਈ 5000 ਕਰੋੜ ਰੁਪਏ ਦਾ ਸਾਲਾਨਾ ਬਜਟ ਮਨਜ਼ੂਰ ਕੀਤਾ ਜਾਵੇਗਾ।
- ਬੇਜ਼ਮੀਨੇ ਕਿਸਾਨਾਂ ਨੂੰ ਕਾਸ਼ਤ ਲਈ 1 ਲੱਖ ਏਕੜ ਸ਼ਾਮਲਾਤ ਜ਼ਮੀਨ ਅਲਾਟ ਕੀਤੀ ਜਾਵੇਗੀ।
- ਪ੍ਰਧਾਨ ਮੰਤਰੀ ਕਿਸਾਨ ਸੰਮਾਨ ਯੋਜਨਾ ਦੀ ਤਰਜ ਤੇ ਹਰੇਕ ਬੇਜ਼ਮੀਨੇ ਕਿਸਾਨ ਨੂੰ ਵੀ 6,000 ਰੁਪਏ ਦੀ ਸਾਲਾਨਾ ਵਿੱਤੀ ਸਹਾਇਤਾ ਦਿੱਤੀ ਜਾਵੇਗੀ।
- ਅਧੂਰੇ ਸਿੰਚਾਈ ਪ੍ਰੋਜੈਕਟਾਂ ਨੂੰ ਪਹਿਲ ਦੇ ਆਧਾਰ ਤੇ ਪੂਰਾ ਕੀਤਾ ਜਾਵੇਗਾ ਅਤੇ ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਚਾਈ ਯੋਜਨਾ ਦੇ ਤਹਿਤ ਨਵੇਂ ਸਿੰਚਾਈ ਪ੍ਰੋਜੈਕਟ ਸ਼ੁਰੂ ਕੀਤੇ ਜਾਣਗੇ।

## ਨਿਰੋਆ ਪੰਜਾਬ

- ਹਰੇਕ ਪਿੰਡ/ਵਾਰਡ ਵਿੱਚ ਮੁਫਤ ਦਵਾਈਆਂ ਅਤੇ ਮੁੱਢਲੀ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ "ਆਰੋਗਿਆ ਕੇਂਦਰ" (ਮੈਡੀਕਲ ਕਲੀਨਿਕ) ਸਥਾਪਿਤ ਕੀਤੇ ਜਾਣਗੇ|
- ਹਰੇਕ ਲੋਕਸਭਾ ਹਲਕੇ ਵਿੱਚ ਇੱਕ ਮੈਡੀਕਲ ਅਤੇ ਇੱਕ ਨਰਸਿੰਗ ਕਾਲਜ ਸਥਾਪਿਤ ਕੀਤਾ ਜਾਵੇਗਾ।
- ਸਾਰੇ ਸੂਚੀਬੱਧ ਹਸਪਤਾਲਾਂ ਵਿੱਚ ਕੈਂਸਰ ਦੇ ਮਰੀਜ਼ਾਂ ਦਾ ਮੁਕੰਮਲ ਮੁਫਤ ਇਲਾਜ ਕੀਤਾ ਜਾਵੇਗਾ।
- ਸਾਰੇ ਕੋਵਿਡ ਯੋਧਿਆਂ ਨੂੰ ਮਹਾਂਮਾਰੀ ਦੌਰਾਨ ਅਣਥੱਕ ਕੰਮ ਕਰਨ ਲਈ ਮੁਆਵਜ਼ਾ ਦਿੱਤਾ ਜਾਵੇਗਾ ਅਤੇ ਉਨ੍ਹਾਂ ਦੇ ਬਕਾਏ ਅਦਾ ਕੀਤੇ ਜਾਣਗੇ।
- ਸਰਕਾਰੀ ਹਸਪਤਾਲਾਂ ਅਤੇ ਸਿਹਤ ਕੇਂਦਰਾਂ ਵਿੱਚ ਡਾਕਟਰਾਂ, ਨਰਸਾਂ ਅਤੇ ਪੈਰਾ ਮੈਡੀਕਲ ਸਟਾਫ ਦੀਆਂ ਖਾਲੀ ਅਸਾਮੀਆਂ ਨੂੰ ਤੁਰੰਤ ਭਰਿਆ ਜਾਵੇਗਾ|

## ਮਿਆਰੀ ਸਿੱਖਿਆ ਸਭ ਦਾ ਅਧਿਕਾਰ

- ਸੂਬੇ ਵਿਚ ਉੱਤਮ ਦਰਜੇ ਦੇ ਸਮਾਰਟ ਸਕੂਲ ਸਥਾਪਤ ਕੀਤੇ ਜਾਣਗੇ | ਜਿਨ੍ਹਾਂ ਵਿੱਚ ਆਧੁਨਿਕ ਕਲਾਸਰੂਮ, ਕੰਪਿਊਟਰ ਪ੍ਰਯੋਗਸ਼ਾਲਾਵਾਂ ਅਤੇ ਖੇਡ ਮੈਦਾਨ ਹੋਣਗੇ।
- ਸੂਬੇ ਦੀ ਹਰੇਕ ਤਹਿਸੀਲ ਵਿੱਚ ਘੱਟੋ-ਘੱਟ ਇੱਕ ਸਰਕਾਰੀ ਕਾਲਜ ਸਥਾਪਿਤ ਕੀਤਾ ਜਾਵੇਗਾ | ਜਿਸ ਵਿੱਚ ਰਵਾਇਤੀ ਡਿਗਰੀ ਕੋਰਸਾਂ ਦੇ ਨਾਲ-ਨਾਲ ਰੁਜ਼ਗਾਰ-ਮੁਖੀ ਪੇਸ਼ੇਵਰ ਕੋਰਸਾਂ ਨੂੰ ਪ੍ਰਾਥਮਿਕਤਾ ਦਿੱਤੀ ਜਾਵੇਗੀ|
- ਸੂਬੇ ਵਿਚ 14 ਤੋਂ 30 ਸਾਲ ਦੀ ਉਮਰ ਦੇ ਕਿਸੇ ਵੀ ਵਿਅਕਤੀ ਨੂੰ ਹੁਨਰ ਸਿਖਲਾਈ ਪ੍ਰਦਾਨ ਕਰਨ ਲਈ 'ਹੁਨਰ ਸਿਖਲਾਈ ਦਾ ਅਧਿਕਾਰ ਐਕਟ' ਪਾਸ ਕੀਤਾ ਜਾਵੇਗਾ | ਸੂਬੇ ਭਰ ਵਿੱਚ ਕਿੱਤਾਮੁਖੀ ਸਿਖਲਾਈ ਸੰਸਥਾਵਾਂ ਸਥਾਪਤ ਕੀਤੀਆਂ ਜਾਣਗੀਆਂ।
- SC, ST, OBC ਅਤੇ EWS ਵਿਦਿਆਰਥੀਆਂ ਨੂੰ ਵੱਖ-ਵੱਖ ਕੇਂਦਰੀ ਅਤੇ ਰਾਜ ਸਰਕਾਰ ਦੀਆਂ ਭਰਤੀ ਪ੍ਰੀਖਿਆਵਾਂ ਲਈ ਮੁਫ਼ਤ ਕੋਚਿੰਗ ਦਿੱਤੀ ਜਾਵੇਗੀ
- ਹਰ ਪੰਜਾਬੀ ਵਿਦਿਆਰਥੀ ਨੂੰ ਉੱਚ ਸਿਖਿਆ ਲਈ 5 ਲੱਖ ਰੁਪਏ ਤੱਕ ਦੀ ਕਰੈਡਿਟ ਸਹੂਲਤ ਵਾਲੇ ਕਰੈਡਿਟ ਕਾਰਡ ਦਿੱਤੇ ਜਾਣਗੇ।

## ਉਦਯੋਗਿਕ ਇਨਕਲਾਬ

- ਅਸੀਂ ਕੋਵਿਡ ਦੌਰਾਨ ਸੂਬੇ ਵਿੱਚ ਉਦਯੋਗਾਂ ਨੂੰ ਹੋਏ ਨੁਕਸਾਨ ਤੇ ਇੱਕ ਵਾਈਟ ਪੇਪਰ ਲਿਆਵਾਂਗੇ ਅਤੇ ਪ੍ਰਭਾਵਿਤ ਉਦਯੋਗਾਂ ਨੂੰ ਇੱਕ ਵਿਸ਼ੇਸ਼ ਰਾਹਤ ਪੈਕੇਜ ਪ੍ਰਦਾਨ ਕਰਾਂਗੇ।
- ਅਸੀਂ ਟੈਕਸਾਂ ਨੂੰ ਤਰਕਸੰਗਤ ਬਣਾਵਾਂਗੇ | ਸਿੰਗਲ ਵਿੰਡੋ ਕਲੀਅਰੈਂਸ ਵਿਧੀ ਰਾਹੀਂ 15 ਦਿਨਾਂ ਦੇ ਅੰਦਰ ਲੋੜੀਂਦੇ ਪਰਮਿਟ ਪ੍ਰਦਾਨ ਕਰਕੇ ਪੰਜਾਬ ਨੂੰ ਕਾਰੋਬਾਰ ਕਰਨ ਸੰਬੰਧੀ ਸੌਖ ਵਿੱਚ ਦੇਸ਼ ਦੇ ਚੋਟੀ ਦੇ 5 ਰਾਜਾਂ ਵਿੱਚੋਂ ਇੱਕ ਬਣਾਵਾਂਗੇ।
- ਹਰ ਜ਼ਿਲ੍ਹੇ ਵਿੱਚ ਲਾਲਾ ਲਾਜਪਤ ਰਾਏ MSME ਵਿਕਾਸ ਕੇਂਦਰ ਵਿਕਸਤ ਕੀਤੇ ਜਾਣਗੇ ਜੋ ਕਿ ਤਕਨੀਕੀ ਸਹਾਇਤਾ, ਮਾਰਕੀਟ ਪਹੁੰਚ ਸਹਾਇਤਾ ਅਤੇ ਕਾਰੋਬਾਰ ਲਈ ਲੋੜੀਂਦੀ ਸਹਾਇਤਾ ਪ੍ਰਦਾਨ ਕਰਨਗੇ।
- MSMEs ਨੂੰ 4 ਰੁਪਏ ਪ੍ਰਤੀ ਯੂਨਿਟ ਅਤੇ ਹੋਰ ਸਾਰੇ ਉਦਯੋਗਾਂ ਨੂੰ 5 ਰੁਪਏ ਪ੍ਰਤੀ ਯੂਨਿਟ ਬਿਜਲੀ ਦਿੱਤੀ ਜਾਵੇਗੀ।
- ਵੈਟ ਦੇ ਬਕਾਏ ਦਾ ਨਿਪਟਾਰਾ ਡੀਲਰ-ਅਨੁਕੂਲ ਵਨ-ਟਾਈਮ-ਸੈਟਲਮੈਂਟ (OTS) ਸਕੀਮ ਰਾਹੀਂ ਕੀਤਾ ਜਾਵੇਗਾ।

## ਵਿਕਸਿਤ ਪੰਜਾਬ

- ਸੂਬੇ ਦੇ ਵੱਖ-ਵੱਖ ਖੇਤਰਾਂ ਵਿੱਚ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਅਗਲੇ 5 ਸਾਲਾਂ ਵਿੱਚ 1 ਲੱਖ ਕਰੋੜ ਰੁਪਏ ਖਰਚ ਕੀਤੇ ਜਾਣਗੇ।
- ਅਸੀਂ ਪੱਕੀ ਛੱਤ- ਹਰ ਇਕ ਦਾ ਹੱਕ (ਸਭ ਲਈ ਮਕਾਨ) ਸਕੀਮ ਸ਼ੁਰੂ ਕਰਾਂਗੇ ਜਿਸ ਤਹਿਤ EWS ਵਰਗ ਦੇ ਸਾਰੇ ਪਰਿਵਾਰਾਂ ਨੂੰ ਪੱਕੇ ਘਰ ਮੁਹੱਈਆ ਕਰਵਾਏ ਜਾਣਗੇ।
- ਜਲ ਜੀਵਨ ਮਿਸ਼ਨ ਤਹਿਤ ਸ਼ਹਿਰਾਂ ਦੇ ਨਾਲ-ਨਾਲ ਪਿੰਡਾਂ ਦੇ ਹਰ ਘਰ ਵਿੱਚ ਟੂਟੀ ਕੁਨੈਕਸ਼ਨ ਰਾਹੀਂ ਸੁਰੱਖਿਅਤ ਅਤੇ ਸਾਫ਼ ਪੀਣ ਵਾਲਾ ਪਾਣੀ ਮੁਹੱਈਆ ਕਰਵਾਇਆ ਜਾਵੇਗਾ।
- ਸਰਹੱਦੀ ਖੇਤਰਾਂ ਵਿੱਚ ਵਿਕਾਸ ਕਾਰਜਾਂ ਨੂੰ ਯਕੀਨੀ ਬਣਾਉਣ ਲਈ "ਸਰਹੱਦੀ ਖੇਤਰ ਵਿਕਾਸ ਕਮਿਸ਼ਨ" ਦੀ ਸਥਾਪਨਾ ਕੀਤੀ ਜਾਵੇਗੀ।
- ਪੰਜਾਬ ਦੇ ਸਾਰੇ ਉਪਭੋਗਤਾਵਾਂ ਨੂੰ 300 ਯੂਨਿਟ ਫ੍ਰੀ ਬਿਜਲੀ ਦਿੱਤੀ ਜਾਵੇਗੀ | 300 ਯੂਨਿਟ ਤੋਂ ਜ਼ਿਆਦਾ ਇਸਤੇਮਾਲ ਤੇ 3 ਰੁਪਏ ਪ੍ਰਤੀ ਯੂਨਿਟ ਬਿਜਲੀ ਦਿੱਤੀ ਜਾਵੇਗੀ|

## ਸਸ਼ਕਤ ਨਾਰੀ

- ਪੁਲਿਸ ਫੋਰਸ ਵਿੱਚ ਔਰਤਾਂ ਨੂੰ 33% ਰਾਖਵਾਂਕਰਨ ਦਿੱਤਾ ਜਾਵੇਗਾ ਅਤੇ ਔਰਤਾਂ ਵਿਰੁੱਧ ਅਪਰਾਧਾਂ ਦੀ ਰੋਕਥਾਮ ਲਈ ਸਾਰੇ ਜ਼ਿਲ੍ਹਿਆਂ ਵਿੱਚ ਵਿਸ਼ੇਸ਼ ਮਹਿਲਾ ਥਾਣਿਆਂ ਅਤੇ ਮਹਿਲਾ ਅਦਾਲਤਾਂ ਦੀ ਸਥਾਪਨਾ ਕੀਤੀ ਜਾਵੇਗੀ।
- ਅਸੀਂ ਔਰਤਾਂ ਨੂੰ ਕਾਉਂਸਲਿੰਗ, ਕੋਚਿੰਗ ਅਤੇ ਸਿਖਲਾਈ ਸਹੂਲਤਾਂ ਪ੍ਰਦਾਨ ਕਰਕੇ ਫੌਜੀ/ਅਰਧ ਸੈਨਿਕ ਨੌਕਰੀਆਂ ਵਿੱਚ ਭਾਗੀਦਾਰੀ ਨੂੰ ਉਤਸ਼ਾਹਿਤ ਕਰਾਂਗੇ।
- ਅਸੀਂ ਪੋਸਟ-ਮੈਟ੍ਰਿਕ ਤੋਂ ਲੈ ਕੇ ਪੋਸਟ ਗ੍ਰੈਜੂਏਟ ਤੱਕ ਸਾਰੀਆਂ ਕੁੜੀਆਂ ਨੂੰ 1000 ਰੁਪਏ ਮਹੀਨਾ ਵਜ਼ੀਫ਼ਾ ਦੇਵਾਂਗੇ|
- ਛੋਟੇ ਉਦਯੋਗ, ਵਪਾਰ ਅਤੇ ਖੇਤੀ ਦੀ ਜ਼ਮੀਨ ਖਰੀਦਣ ਲਈ ਮਹਿਲਾਵਾਂ ਨੂੰ ਸਸਤੀਆਂ ਦਰਾਂ ਤੇ 10 ਲੱਖ ਤਕ ਦੇ ਲੋਨ ਦਿੱਤੇ ਜਾਣਗੇ|
- ਆਂਗਣਵਾੜੀ ਅਤੇ ਆਸ਼ਾ ਵਰਕਰਾਂ ਦਾ ਭੱਤਾ 10,000 ਤੇ 6,000 ਤੱਕ ਵਧਾਇਆ ਜਾਏਗਾ|

## ਸਭ ਦਾ ਸਾਥ - ਸਭ ਦਾ ਵਿਕਾਸ

- ਬਜ਼ੁਰਗਾਂ, ਦਿਵਯਾਂਗਾਂ ਅਤੇ ਵਿਧਵਾਵਾਂ ਲਈ ਪੈਨਸ਼ਨ ਦੀ ਰਕਮ ਵਧਾ ਕੇ 3000/- ਰੁਪਏ ਪ੍ਰਤੀ ਮਹੀਨਾ ਕੀਤੀ ਜਾਵੇਗੀ।
- ਸਰਕਾਰ ਵਿੱਚ ਠੇਕੇ ਤੇ ਰੱਖੇ ਅਧਿਆਪਕ, ਸਫਾਈ ਕਰਮਚਾਰੀ, ਆਂਗਣਵਾੜੀ ਵਰਕਰਾਂ ਸਹਿਤ ਸਾਰੇ ਕੱਚੇ ਮੁਲਾਜਮਾਂ ਨੂੰ ਪੱਕਾ ਕੀਤਾ ਜਾਵੇਗਾ।
- ਸੂਬੇ ਵਿੱਚ ਗਰੀਬ ਵਰਗਾਂ ਨੂੰ ਪੋਸ਼ਟਿਕ ਖੁਰਾਕ ਦੇਣ ਲਈ "ਗੁਰੂ ਕ੍ਰਿਪਾ ਕੰਟੀਨ" ਰਾਹੀਂ 5 ਰੁਪਏ ਵਿੱਚ ਭੋਜਨ ਦਿੱਤਾ ਜਾਵੇਗਾ।
- ਅਸੀਂ ਕੇਂਦਰ ਦੇ ਸਹਿਯੋਗ ਨਾਲ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਲਈ ਸੂਬੇ ਦੇ ਹਰੇਕ ਬਲਾਕ ਵਿੱਚ ਹੋਸਟਲ ਸਥਾਪਿਤ ਕਰਾਂਗੇ।
- ਅਸੀਂ ਅਸੰਗਠਿਤ ਖੇਤਰ ਦੇ ਮਜ਼ਦੂਰਾਂ ਲਈ ਮੁੱਖ ਮੰਤਰੀ ਮਜ਼ਦੂਰ ਬੀਮਾ ਯੋਜਨਾ ਸ਼ੁਰੂ ਕਰਾਂਗੇ ਜੋ ਉਹਨਾਂ ਨੂੰ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਕਿਸੇ ਦੁਰਘਟਨਾ ਕਾਰਨ ਮੌਤ ਜਾਂ ਸਥਾਈ ਅਪੰਗਤਾ ਦੇ ਮਾਮਲੇ ਵਿੱਚ 1 ਲੱਖ ਰੁਪਏ ਜਾਂ ਅੰਸ਼ਕ ਅਪੰਗਤਾ ਦੇ ਮਾਮਲੇ ਵਿੱਚ 50,000 ਰੁਪਏ ਦਾ ਲਾਭ ਪ੍ਰਦਾਨ ਕਰੇਗੀ।

# NDA ਦੇ
# 11 ਸੰਕਲਪ
## 2022



# NDA ਦੇ
# ਪੇਂਡੂ ਖੇਤਰਾਂ ਲਈ
## 11 ਸੰਕਲਪ 2022



## ਖੁਸ਼ਹਾਲ ਕਿਸਾਨ

- ਕੇਂਦਰ ਸਰਕਾਰ ਵਲੋਂ ਦਿੱਤੀ ਜਾ ਰਹੀ MSP ਵਿਵਸਥਾ ਦਾ ਵਿਸਤਾਰ ਕਰਦੇ ਹੋਏ ਫਲਾਂ, ਸਬਜ਼ੀਆਂ, ਦਾਲਾਂ ਅਤੇ ਤੇਲ ਬੀਜਾਂ ਦਾ ਉਤਪਾਦਨ ਕਰਨ ਵਾਲੇ ਕਿਸਾਨਾਂ ਲਈ ਵੀ ਘੱਟੋ-ਘੱਟ ਸਮਰਥਨ ਮੁੱਲ (ਐੱਮ. ਐੱਸ. ਪੀ.) ਯਕੀਨੀ ਬਣਾਇਆ ਜਾਵੇਗਾ। ਫਸਲੀ ਵਿਭਿੰਨਤਾ ਅਤੇ ਟਿਕਾਊ ਖੇਤੀ ਨੂੰ ਉਤਸ਼ਾਹਿਤ ਕਰਨ ਲਈ 5000 ਕਰੋੜ ਰੁਪਏ ਦਾ ਸਾਲਾਨਾ ਬਜਟ ਮਨਜ਼ੂਰ ਕੀਤਾ ਜਾਵੇਗਾ।
- ਕਰਜਾ ਮਾਫੀ:— ਪੰਜ ਏਕੜ ਤੋਂ ਘੱਟ ਜ਼ਮੀਨ ਵਾਲੇ ਸਾਰੇ ਕਿਸਾਨਾਂ ਦਾ ਖੇਤੀ ਕਰਜ਼ਾ ਮਾਫ ਕਰਾਂਗੇ।
- ਬੇਜ਼ਮੀਨੇ ਕਿਸਾਨਾਂ ਨੂੰ ਇੱਕ ਲੱਖ ਏਕੜ ਸ਼ਾਮਲਾਟ ਜ਼ਮੀਨ ਅਲਾਟ ਕੀਤੀ ਜਾਵੇਗੀ|
- ਸੂਬੇ ਦੇ ਹਰੇਕ ਬੇਜ਼ਮੀਨੇ ਕਿਸਾਨ ਨੂੰ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਯੋਜਨਾ ਦੀ ਤਰਜ਼ ਤੇ 6000 ਰੁਪਏ ਦੀ ਸਾਲਾਨਾ ਵਿੱਤੀ ਸਹਾਇਤਾ ਦਿੱਤੀ ਜਾਵੇਗਾ|
- ਕਿਸਾਨਾਂ ਦੀ ਖੁਸ਼ਹਾਲੀ ਲਈ Value chain management ਸ਼ੁਰੂ ਕੀਤੀ ਜਾਵੇਗੀ | ਜਿਸ ਨਾਲ ਕਿਸਾਨ ਆਪਣੀ ਖੇਤੀ ਦੀ ਪੈਦਾਵਾਰ ਨੂੰ ਉਚਿਤ ਕੀਮਤ 'ਤੇ ਵੇਚ ਸਕਣਗੇ ਅਤੇ ਖਰੀਦਦਾਰ ਵੀ ਵਾਜਬ ਮੁੱਲ 'ਤੇ ਖਰੀਦ ਸਕੇਗਾ।

## ਟਿਕਾਊ ਹਰਿਤ ਕ੍ਰਾਂਤੀ

- ਖੇਤੀਬਾੜੀ ਨੂੰ ਚਿਰਸਥਾਈ ਅਤੇ ਟਿਕਾਊ ਬਣਾਉਣ ਲਈ ਕੈਮੀਕਲ ਖਾਦ ਰਹਿਤ ਜੈਵਿਕ ਖੇਤੀ ਨੂੰ ਉਤਸ਼ਾਹਿਤ ਕੀਤਾ ਜਾਵੇਗਾ | ਜਿਸ ਲਈ ਰਾਜ ਦੇ ਸਾਲਾਨਾ ਖੇਤੀ ਬੱਜਟ ਵਿਚ 5000 ਕਰੋੜ ਰੁਪਏ ਦਾ ਵਾਧਾ ਕੀਤਾ ਜਾਵੇਗਾ।
- ਸੋਲਰ ਟਿਊਬਵੈੱਲ ਲਗਾਉਣ ਲਈ ਕਿਸਾਨਾਂ ਨੂੰ ਸਬਸਿਡੀ ਦਿੱਤੀ ਜਾਵੇਗੀ ਅਤੇ ਨਹਿਰਾਂ 'ਤੇ ਸੋਲਰ ਪੈਨਲ ਲਗਾਏ ਜਾਣਗੇ।
- ਖੇਤੀ ਨੂੰ ਵਿਕਸਿਤ ਕਰਨ ਲਈ ਨਵੀਂ "ਖੇਤੀਬਾੜੀ ਯੂਨੀਵਰਸਿਟੀ" ਖੋਲੀ ਜਾਵੇਗੀ ਅਤੇ "ਪੰਜਾਬ ਖੇਤੀਬਾੜੀ ਪ੍ਰਯੋਗ ਸੰਸਥਾ" ਦੀ ਸਥਾਪਨਾ ਕੀਤੀ ਜਾਵੇਗੀ।
- ਪੰਜਾਬ ਦੇ ਵੱਖ ਵੱਖ ਖੇਤਰਾਂ ਵਿਚ ਕਿਸਾਨਾਂ ਦੁਆਰਾ ਵਰਤੇ ਗਏ ਰਿਵਾਇਤੀ ਬੀਜਾਂ ਦੀ ਸੰਭਾਲ ਲਈ ਬੀਜ ਬੈਂਕ ਬਣਾਏ ਜਾਣਗੇ।
- ZERO BUDGET NATURAL FARMING ਦੇ ਲਈ ਕ੍ਰਿਸ਼ੀ ਵਿਕਾਸ ਕੇਂਦਰਾਂ ਵਿੱਚ ਮੁਫ਼ਤ ਸਿੱਖਲਾਈ ਦਿੱਤੀ ਜਾਵੇਗੀ|

## ਹਰੇਕ ਖੇਤ ਲਈ ਪਾਣੀ ਦਾ ਪ੍ਰਬੰਧ

- ਹਰ ਖੇਤ ਨੂੰ ਪਾਣੀ: ਪ੍ਰਧਾਨ ਮੰਤਰੀ ਖੇਤੀਬਾੜੀ ਸਿੰਚਾਈ ਯੋਜਨਾ ਦੇ ਅਧੀਨ ਲੰਬੇ ਸਮੇਂ ਤੋਂ ਵਿਚਾਲੇ ਹੀ ਲਟਕੀਆਂ ਸਿੰਚਾਈ ਦੀਆਂ ਯੋਜਨਾਵਾਂ ਨੂੰ ਪੂਰਾ ਕੀਤਾ ਜਾਵੇਗਾ ਅਤੇ ਨਵੀਆਂ ਸਿੰਚਾਈ ਯੋਜਨਾਵਾਂ ਲਿਆਂਦੀਆਂ ਜਾਣਗੀਆਂ।
- ਪ੍ਰਧਾਨ ਮੰਤਰੀ ਖੇਤੀਬਾੜੀ ਸਿੰਚਾਈ ਯੋਜਨਾ 'Per Drop more Crop' ਦੇ ਅਧੀਨ ਪੂਰੇ ਰਾਜ ਵਿਚ ਕਿਸਾਨਾਂ ਨੂੰ ਸਬਸਿਡੀ ਦਿੱਤੀ ਜਾਵੇਗੀ।
- ਮੀਂਹ ਦੇ ਪਾਣੀ ਦੀ ਸੰਭਾਲ ਦੇ ਪ੍ਰਬੰਧ ਕਰਕੇ ਪੰਜਾਬ ਵਿਚ ਘਟਦੇ ਜਲ ਸਤਰ ਨੂੰ ਰੋਕਿਆ ਜਾਵੇਗਾ।
- ਪਾਣੀ ਦੀ ਸੰਭਾਲ ਕਰਨ ਵਿੱਚ ਮੱਦਦਗਾਰ ਸਿੰਚਾਈ ਸਾਧਨ ਲਗਾਉਣ ਲਈ ਸਬਸਿਡੀ ਦਿੱਤੀ ਜਾਵੇਗੀ।
- ਸਿੰਚਾਈ ਮਹਿਕਮੇ ਵਿਚ ਭ੍ਰਿਸ਼ਟਾਚਾਰ ਨੂੰ ਰੋਕਣ ਲਈ ਸਖ਼ਤ ਕਦਮ ਚੁੱਕੇ ਜਾਣਗੇ |

## ਖੇਤੀਬਾੜੀ ਸਹਾਇਕ ਧੰਦਿਆਂ ਨੂੰ ਪ੍ਰੋਤਸਾਹਨ

- ਮੁਰਗੀ ਪਾਲਣ: ਮੁਰਗੀ ਪਾਲਕ ਭਲਾਈ ਕਾਨੂੰਨ (Poultry farmer welfare act) ਬਣਾ ਕੇ ਕਿਸਾਨਾਂ ਦੀਆਂ ਮੁਸ਼ਕਲਾਂ ਹੱਲ ਕੀਤੀਆਂ ਜਾਣਗੀਆਂ|
- ਡੇਅਰੀ ਫਾਰਮਿੰਗ/ਪਸ਼ੂ ਪਾਲਣ : ਹਰ ਪਿੰਡ ਵਿਚ Milk Chilling Centres ਦੀ ਵਿਵਸਥਾ ਕੀਤੀ ਜਾਵੇਗੀ | ਦੁੱਧ ਤੋਂ ਦਹੀ, ਘਿਓ, ਪਨੀਰ ਅਤੇ ਲੱਸੀ ਬਣਾਉਣ ਲਈ ਹਰੇਕ 30 ਪਿੰਡਾਂ ਦੇ ਇੱਕ ਗਰੁੱਪ ਵਿੱਚ ਸਬਸਿਡੀ 'ਤੇ ਮਸ਼ੀਨਾਂ ਦਿਤੀਆਂ ਜਾਣਗੀਆਂ । ਹਰ ਤਹਿਸੀਲ ਵਿੱਚ ਪਸ਼ੂ ਹਸਪਤਾਲ ਖੋਲ੍ਹੇ ਜਾਣਗੇ ਅਤੇ ਪਸ਼ੂ ਗਰਭ ਧਾਰਨ ਕੇਂਦਰ ਚਲਾਏ ਜਾਣਗੇ।
- ਮਧੂ ਮੱਖੀ ਪਾਲਣ: ਸ਼ਹਿਦ ਦੀ ਪਰਖ ਅਤੇ ਮਧੂ ਮੱਖੀ ਪਾਲਣ ਦੀ ਸਿਖਲਾਈ ਹਰ ਜ਼ਿਲ੍ਹੇ ਵਿੱਚ ਮੁਫਤ ਦਿੱਤੀ ਜਾਵੇਗੀ। ਸ਼ਹਿਦ ਦੀ ਖਰੀਦੋ ਫਰੋਖਤ ਲਈ ਕਿਸਾਨ ਪੱਖੀ ਵਿਵਸਥਾ ਬਣਾਈ ਜਾਵੇਗੀ|
- ਮੋਹਾਲੀ, ਬਠਿੰਡਾ, ਅੰਮ੍ਰਿਤਸਰ, ਪਠਾਨਕੋਟ ਵਿਚ ਨਵੇਂ ਕੋਲਡ ਸਟੋਰੇਜ਼ ਅਤੇ ਗੋਦਾਮ ਬਣਾਏ ਜਾਣਗੇ ਅਤੇ ਇਸ ਲਈ ਹਵਾਈ ਮਾਰਗ ਰਾਹੀਂ ਢੋਆ - ਢੁਆਈ ਦਾ ਪ੍ਰਬੰਧ ਕੀਤਾ ਜਾਵੇਗਾ।
- ਔਰਤਾਂ,ਪਿੱਛੜੇ ਵਰਗਾਂ, ਅਨੁਸੂਚਿਤ ਜਾਤੀ ਅਤੇ ਆਰਥਿਕ ਪੱਖੋਂ ਕਮਜ਼ੋਰ ਜਨਰਲ ਵਰਗ ਨਾਲ ਸਬੰਧ ਰੱਖਣ ਵਾਲਿਆਂ ਨੂੰ ਡੇਅਰੀ ਫਾਰਮਿੰਗ, ਪੋਲਟਰੀ ਫਾਰਮਿੰਗ ਅਤੇ ਮੱਧੂ ਮੱਖੀ ਪਾਲਣ ਦਾ ਵਪਾਰ ਸ਼ੁਰੂ ਕਰਨ ਲਈ ਸਬਸਿਡੀ ਤੇ ਕਰਜ਼ੇ ਦੀ ਸਹੂਲਤ ਦਿੱਤੀ ਜਾਵੇਗੀ।

## ਖੇਤੀ ਅਧਾਰਿਤ ਉਦਯੋਗ ਧੰਦਿਆਂ ਨੂੰ ਬੜ੍ਹਾਵਾ

- ਪ੍ਰਧਾਨ ਮੰਤਰੀ ਰੋਜਗਾਰ ਸਿਰਜਣ ਯੋਜਨਾ ਦੇ ਅਧੀਨ ਖੇਤੀ ਅਧਾਰਿਤ ਉਦਯੋਗਾਂ ਲਈ ਸਬਸਿਡੀ ਦਿੱਤੀ ਜਾਵੇਗੀ।
- ਖੇਤੀ ਅਧਾਰਿਤ ਉਦਯੋਗਿਕ ਧੰਦਿਆਂ ਨੂੰ ਬੜ੍ਹਾਵਾ ਦੇਣ ਲਈ ਟੈਕਸ ਫ੍ਰੀ ਕਲੱਸਟਰ ਬਣਾਏ ਜਾਣਗੇ ਤਾਂ ਜੋ ਇੰਡਸਟਰੀ ਨੂੰ ਪੇਂਡੂ ਖੇਤਰਾਂ ਵਿੱਚ ਪੂੰਜੀ ਲਗਾਉਣ ਲਈ ਉਤਸ਼ਾਹਿਤ ਕੀਤਾ ਜਾ ਸਕੇ|
- ਪੁਰਾਣੇ ਚੱਲੇ ਆ ਰਹੇ ਗਲੀਚਾ ਬੁਣਾਈ ਦੇ ਹੁਨਰ ਨੂੰ ਕਾਇਮ ਕਰਨ ਲਈ ਪੇਂਡੂ ਖੇਤਰਾਂ ਵਿਚ ਮੁੱਫਤ ਸਿਖਲਾਈ ਕੇਂਦਰ ਲਗਾਏ ਜਾਣਗੇ ਤਾਂ ਜ਼ੋ ਇਸ ਤੋਂ ਰੋਜ਼ਗਾਰ ਪੈਦਾ ਕੀਤੇ ਜਾ ਸਕਣ।
- ਪੇਂਡੂ ਖੇਤਰਾਂ ਦੇ ਵਿਕਾਸ ਲਈ ਵੱਡੇ ਫੂਡ ਪ੍ਰਸੋਸਿੰਗ ਪਾਰਕ ਖੋਲੇ ਜਾਣਗੇ।
- ਗੰਨੇ ਤੋਂ ਇੰਡਸਟਰੀਅਲ ਏਥੇਨੋਲ ਬਣਾਉਣ ਲਈ ਸਬਸਿਡੀ 'ਤੇ ਮਸ਼ੀਨਾਂ ਦਿੱਤੀਆਂ ਜਾਣਗੀਆਂ|

## ਪੇਂਡੂ ਉੱਦਮਤਾ ਨੂੰ ਬੜ੍ਹਾਵਾ

- ਪਿੰਡਾਂ ਵਿੱਚ startup ਕਲਚਰ ਨੂੰ ਵਧਾਉਣ ਲਈ "ਸਮਰਿੱਧ ਪਿੰਡ" ਸਕੀਮ ਸ਼ੁਰੂ ਕੀਤੀ ਜਾਵੇਗੀ। ਇਸ ਲਈ ਪਿੰਡਾਂ ਦੇ startups ਨੂੰ ਸਲਾਨਾ ਵਿੱਤੀ ਸਹਾਇਤਾ ਦਿੱਤੀ ਜਾਵੇਗੀ।
- ਪਿੰਡਾਂ ਵਿੱਚ ਨਵੇਂ ਕੰਮ ਧੰਦੇ ਸਥਾਪਿਤ ਕਰਨ ਲਈ ਪੇਸ਼ ਆਉਂਦੀਆਂ ਸਮੱਸਿਆਵਾਂ ਹੱਲ ਕਰਨ ਲਈ "ਸਹਾਇਤਾ ਕੇਂਦਰ" ਸਥਾਪਿਤ ਕੀਤੇ ਜਾਣਗੇ।
- ਪੇਂਡੂ ਖੇਤਰਾਂ ਦੇ ਨੌਜਵਾਨਾਂ ਨੂੰ ਅਤੀ-ਲਘੂ, ਲਘੂ ਅਤੇ ਛੋਟੇ ਉਦਯੋਗ ਧੰਦੇ ਖੋਲਣ ਲਈ ਬਿਨਾਂ ਵਿਆਜ ਕਰਜੇ ਦਾ ਪ੍ਰਬੰਧ ਕੀਤਾ ਜਾਵੇਗਾ। ਇਸ ਯਤਨ ਲਈ ਕਰਜੇ ਦੀ ਵਾਪਸੀ ਆਸਾਨ ਕਿਸ਼ਤਾਂ ਵਿਚ ਕਰਨ ਲਈ ਵੀ ਵਿਵਸਥਾ ਕੀਤੀ ਜਾਵੇਗੀ।
- ਉਦਯੋਗਿਕ ਸਿਖਲਾਈ ਕੇਂਦਰਾਂ ਤੋਂ ਵਿਦਿਆ ਪ੍ਰਾਪਤ ਕਰ ਰਹੇ ਵਿਦਿਆਰਥੀਆਂ ਨੂੰ ਆਪਣੇ ਹੁਨਰ ਨੂੰ ਵਧਾਉਣ ਲਈ ਮੁੱਢਲੇ ਔਜਾਰਾਂ ਦੀ ਕਿੱਟ ਮੁੱਫਤ ਦਿੱਤੀ ਜਾਵੇਗੀ।
- ਉੱਦਮਤਾ ਨੂੰ ਉਤਸ਼ਾਹਿਤ ਕਰਨ ਅਤੇ ਹੋਰ ਰੋਜ਼ਗਾਰ ਪੈਦਾ ਕਰਨ ਲਈ SIDBI ਨਾਲ ਸਾਂਝੇਦਾਰੀ ਕੀਤੀ ਜਾਵੇਗੀ | ਰਾਜ ਵਿੱਚ ਹੁਨਰਮੰਦ-ਉਦਮੀਆਂ ਦੀ ਪਛਾਣ ਕਰਨ, ਉਨ੍ਹਾਂ ਨੂੰ ਤਿਆਰ ਕਰਨ ਅਤੇ ਉਤਸ਼ਾਹਿਤ ਕਰਨ ਲਈ "ਮਿਸ਼ਨ ਸਵਾਵਲੰਬਨ" ਦੀ ਸ਼ੁਰੂਆਤ ਕੀਤੀ ਜਾਵੇਗੀ|

## ਨਿਰੋਏ ਪਿੰਡ

- ਹਰ ਪੰਚਾਇਤ ਵਿਚ ਅਰੋਗਯਾ ਕੇਂਦਰ ਸਥਾਪਿਤ ਕੀਤੇ ਜਾਣਗੇ, ਜਿਹਨਾਂ ਵਿਚ 24 ਘੰਟੇ ਡਾਕਟਰ ਦਾ ਪ੍ਰਬੰਧ ਅਤੇ ਲੈਬੋਰਟਰੀ ਦਾ ਪ੍ਰਬੰਧ ਹੋਵੇਗਾ, ਜਿਸ ਵਿਚ ਹਰ ਪ੍ਰਕਾਰ ਦੇ ਟੈਸਟ ਕੀਤੇ ਜਾ ਸਕਣਗੇ।

- ਪੇਂਡੂ ਖੇਤਰਾਂ ਵਿਚ ਟੈਲੀ ਮੈਡੀਸਿਨ ਸੁਵਿਧਾ ਮੁਹਈਆ ਕਾਰਵਾਈ ਜਾਵੇਗੀ ਤਾਂ ਜੋ ਪੇਂਡੂ ਖੇਤਰ ਦੇ ਲੋਕ ਮਾਹਿਰ ਡਾਕਟਰਾਂ ਦੀ ਸਲਾਹ ਦਾ ਲਾਭ ਲੈ ਸਕਣ।
- ਅਰੋਗਯਾ ਕੇਂਦਰਾਂ ਵਿਚ ਔਰਤਾਂ ਦੀਆਂ ਬਿਮਾਰੀਆਂ ਦੇ ਮਾਹਿਰ ਡਾਕਟਰਾਂ ਦੀ ਵਿਵਸਥਾ ਨੂੰ ਯਕੀਨੀ ਬਣਾਇਆ ਜਾਵੇਗਾ ਤੇ ਔਰਤਾਂ ਅਤੇ ਲੜਕੀਆਂ ਲਈ ਹਰ ਮਹੀਨੇ ਵਿਸ਼ੇਸ਼ ਸਿਹਤ ਕੈਂਪ ਲਗਾਉਣ ਦੇ ਪ੍ਰਬੰਧ ਕੀਤੇ ਜਾਣਗੇ।
- ਦਿਲ ਅਤੇ ਕੈਂਸਰ ਵਰਗੀਆਂ ਬਿਮਾਰੀਆਂ ਨੂੰ ਸ਼ੁਰੂਆਤੀ ਪੱਧਰ ਤੇ ਪਤਾ ਲਗਾਉਣ ਲਈ ਟੈਸਟਿੰਗ ਸਹੂਲਤਾਂ ਵਾਲੀਆਂ ਬੱਸਾਂ ਚਲਾਈਆਂ ਜਾਣਗੀਆਂ।
- 108 ਐਂਬੂਲੈਂਸ ਸਰਵਿਸ ਦੀ ਉਪਲਬਧਤਾ ਕਿਸੇ ਵੀ ਪੇਂਡੂ ਖੇਤਰਾਂ ਵਿਚ 15 ਮਿੰਟਾਂ ਵਿਚ ਯਕੀਨੀ ਬਣਾਈ ਜਾਵੇਗੀ। ਇਸ ਯਤਨ ਨੂੰ ਪੂਰਾ ਕਰਨ ਲਈ ਪੱਕੇ ਡਰਾਇਵਰਾਂ ਦੀ ਭਰਤੀ ਕੀਤੀ ਜਾਵੇਗੀ।

## ਬੁਨਿਆਦੀ ਢਾਂਚੇ ਦਾ ਵਿਕਾਸ

- ਅਸੀਂ ਪੱਕੀ ਛੱਤ- ਹਰ ਇਕ ਦਾ ਹੱਕ (ਸਭ ਲਈ ਮਕਾਨ) ਸਕੀਮ ਸ਼ੁਰੂ ਕਰਾਂਗੇ ਜਿਸ ਤਹਿਤ EWS ਵਰਗ ਦੇ ਸਾਰੇ ਪਰਿਵਾਰਾਂ ਨੂੰ ਪੱਕੇ ਘਰ ਮੁਹੱਈਆ ਕਰਵਾਏ ਜਾਣਗੇ।
- ਟੂਟੀ ਕੁਨੈਕਸ਼ਨ ਦੇ ਰਾਹੀਂ ਸਾਫ ਅਤੇ ਸੁਰਖਿਅਤ ਪੀਣ ਵਾਲਾ ਪਾਣੀ ਹਰ ਘਰ ਤੱਕ ਪੰਹੁਚਾਇਆ ਜਾਵੇਗਾ।
- ਸਾਰੇ ਪਿੰਡਾਂ ਵਿਚ 24 ਘੰਟੇ ਬਿਜਲੀ ਉਪਲੱਬਧ ਹੋਵੇਗੀ, ਸਾਰੇ ਉਪਭੋਗਤਾਵਾਂ ਨੂੰ 300 ਯੂਨਿਟ ਫ੍ਰੀ ਬਿਜਲੀ ਦਿੱਤੀ ਜਾਵੇਗੀ | 300 ਯੂਨਿਟ ਤੋਂ ਜ਼ਿਆਦਾ ਇਸਤੇਮਾਲ 'ਤੇ 3 ਰੁਪਏ ਪ੍ਰਤੀ ਯੂਨਿਟ ਬਿਜਲੀ ਦਿੱਤੀ ਜਾਵੇਗੀ |
- ਪਿੰਡਾਂ ਨੂੰ ਸ਼ਹਿਰਾਂ ਨਾਲ ਜੋੜਨ ਲਈ ਪੱਕੀਆਂ ਸੜਕਾਂ ਬਣਾਈਆਂ ਜਾਣਗੀਆਂ ਅਤੇ ਪਿੰਡਾਂ ਦੇ ਅੰਦਰ ਸੀਮਿੰਟਡ ਪੱਕੀਆਂ ਸੜਕਾਂ ਬਣਾਈਆਂ ਜਾਣਗੀਆਂ।
- ਪਿੰਡਾਂ ਨੂੰ ਡਿਜਿਟਲ ਇੰਡੀਆ ਮਿਸ਼ਨ ਦੇ ਰਾਹੀਂ ਆਪਟੀਕਲ ਫਾਈਬਰ ਨਾਲ ਜੋੜਿਆ ਜਾਵੇਗਾ ਤਾਂਕਿ ਪਿੰਡਾਂ ਦੇ ਨੌਜਵਾਨਾਂ ਨੂੰ ਸਭ ਸਹੂਲਤਾਂ ਪਿੰਡਾਂ ਵਿੱਚ ਹੀ ਮਿਲ ਸਕਣ |

## ਵਿਕਸਿਤ ਪਿੰਡ

- ਐਨ. ਡੀ. ਏ ਦਾ ਇਰਾਦਾ: ਵਿਕਸਿਤ ਪਿੰਡ ਹੋਵੇ ਸਾਡਾ: ਸ਼ਹਿਰਾਂ ਨਾਲ ਵਪਾਰ ਨੂੰ ਸੌਖਾ ਬਣਾਉਣ ਲਈ ਬਿਜਲੀ ਨਾਲ ਚੱਲਣ ਵਾਲੇ ਵਾਹਨਾਂ ( E-vehicles) ਨੂੰ ਸਬਸਿਡੀ 'ਤੇ ਦਿੱਤਾ ਜਾਵੇਗਾ ।
- ਪਿੰਡ ਦੇ ਟੋਬਿਆਂ ਅਤੇ ਛੱਪੜਾਂ ਨੂੰ ਸਾਫ ਕਰਕੇ ਮੱਛੀ ਪਾਲਣ ਦੇ ਲਈ ਵਰਤੋਂ ਵਿਚ ਲਿਆਂਦਾ ਜਾਵੇਗਾ।
- ਹਰ ਪਿੰਡ ਵਿਚ ਇੱਕ "ਕਮਿਊਨਿਟੀ ਸੈਂਟਰ" ਦੀ ਵਿਵਸਥਾ ਕੀਤੀ ਜਾਵੇਗੀ, ਜਿਸ ਵਿਚ ਜਿੰਮ, ਵਾਈ ਫਾਈ ਅਤੇ ਲਾਇਬਰੇਰੀ ਨੂੰ ਯਕੀਨੀ ਬਣਾਇਆ ਜਾਵੇਗਾ।
- ਪਿੰਡਾਂ ਵਿਚ ਸੈਰ ਸਪਾਟੇ ਨੂੰ ਬੜ੍ਹਾਵਾ ਦੇਣ ਲਈ "ਸਾਡਾ ਪਿੰਡ—ਸਾਡਾ ਮਾਣ" ਨਾਮ ਦੀ ਸਕੀਮ ਲਿਆਂਦੀ ਜਾਵੇਗੀ | ਸੈਰ ਸਪਾਟੇ ਨੂੰ ਵਧਾਉਣ ਲਈ ਵੱਖ ਵੱਖ ਪੇਂਡੂ ਮੇਲਿਆਂ ਨੂੰ ਉਤਸ਼ਾਹਿਤ ਕੀਤਾ ਜਾਵੇਗਾ।
- ਸਰਹੱਦੀ ਖੇਤਰਾਂ ਵਿੱਚ ਵਿਕਾਸ ਕਾਰਜਾਂ ਨੂੰ ਯਕੀਨੀ ਬਣਾਉਣ ਲਈ "ਸਰਹੱਦੀ ਖੇਤਰ ਵਿਕਾਸ ਕਮਿਸ਼ਨ" ਦੀ ਸਥਾਪਨਾ ਕੀਤੀ ਜਾਵੇਗੀ।

## ਮਿਆਰੀ ਸਿੱਖਿਆ

- ਪਿੰਡਾਂ ਵਿੱਚ ਉੱਤਮ ਦਰਜੇ ਦੇ ਸਮਾਰਟ ਸਕੂਲ ਸਥਾਪਤ ਕੀਤੇ ਜਾਣਗੇ | ਜਿਨ੍ਹਾਂ ਵਿੱਚ ਆਧੁਨਿਕ ਕਲਾਸਰੂਮ, ਕੰਪਿਊਟਰ ਪ੍ਰਯੋਗਸ਼ਾਲਾਵਾਂ ਅਤੇ ਖੇਡ ਮੈਦਾਨ ਹੋਣਗੇ।
- 10ਵੀਂ ਜਮਾਤ ਤੱਕ ਅਨੁਸੂਚਿਤ ਜਾਤੀ, ਅੰਗਹੀਣ ਅਤੇ ਆਰਥਿਕ ਪਖੋਂ ਕਮਜੋਰ ਜਨਰਲ ਵਰਗ ਦੀਆਂ ਸਾਰੀਆਂ ਲੜਕੀਆਂ ਲਈ ਸਾਲਾਨਾ ਵਜੀਫਾ ਦਿੱਤਾ ਜਾਵੇਗਾ।
- ਲੜਕੇ ਅਤੇ ਲੜਕੀਆਂ ਵਿਚ ਪਾਏ ਜਾਣ ਵਾਲੇ ਸਾਖ਼ਰਤਾ ਦਰ ਦੇ ਫਾਸਲੇ ਨੂੰ ਘਟਾਉਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣਗੇ।
- ਵਿਦਿਆਰਥੀਆਂ ਦੀ ਵਿੱਦਿਅਕ ਸੰਸਥਾਵਾਂ ਤੱਕ ਪਹੁੰਚ ਨੂੰ ਯਕੀਨੀ ਬਣਾਉਣ ਲਈ ਬੱਸ ਸੇਵਾ ਮੁੱਫਤ ਦਿੱਤੀ ਜਾਵੇਗੀ।
- 'ਪ੍ਰਧਾਨ ਮੰਤਰੀ ਪੋਸ਼ਣ ਸ਼ਕਤੀ ਨਿਰਮਾਣ ਯੋਜਨਾ' ਦੇ ਅਧੀਨ ਵਿਦਿਆਰਥੀਆਂ ਦੀ ਸੰਖਿਆ ਵਧਾਉਣ ਅਤੇ ਉਹਨਾਂ ਦੇ ਪੋਸ਼ਣ ਸਤਰ ਨੂੰ ਬੇਹਤਰ ਬਣਾਉਣ ਲਈ 'ਮਿਡ-ਡੇ-ਮੀਲ ਸਕੀਮ' ਨੂੰ ਪੇਂਡੂ ਸਕੂਲਾਂ ਵਿਚ 10 ਵੀਂ ਤੱਕ ਲਾਗੂ ਕੀਤਾ ਜਾਵੇਗਾ।

## ਖੇਡਾਂ ਦਾ ਵਿਕਾਸ

- ਬੱਚਿਆਂ ਦਾ ਖੇਡਾਂ ਪ੍ਰਤੀ ਰੁਝਾਨ ਵਧਾਉਣ ਲਈ ਪਿੰਡ ਦੇ ਪੱਧਰ 'ਤੇ ਖੇਡਾਂ ਦੇ ਮੈਦਾਨਾਂ ਦਾ ਵਿਕਾਸ ਕੀਤਾ ਜਾਵੇਗਾ।
- ਖਿਡਾਰੀਆਂ ਨੂੰ ਸਕੂਲ ਦੇ ਪੱਧਰ ਤੋਂ ਹੀ ਉਤਸ਼ਾਹਿਤ ਕਰਨ ਲਈ ਸਾਰੇ ਰਜਿਸਟਰਡ ਕਲੱਬਾਂ ਅਤੇ ਸਰਕਾਰੀ ਸਕੂਲਾਂ ਵਿਚ ਸਪੋਰਟਸ ਕਿੱਟਾਂ ਮੁਫਤ ਦਿੱਤੀਆਂ ਜਾਣਗੀਆਂ।
- ਅੰਤਰ ਰਾਸ਼ਟਰੀ ਪੱਧਰ ਦੇ ਹਾਕੀ ਦੇ ਖਿਡਾਰੀ ਤਿਆਰ ਕਰਨ ਲਈ ਅੰਤਰ ਰਾਸ਼ਟਰੀ ਪੱਧਰ ਦੀਆਂ ਸਹੂਲਤਾਂ ਦਿਤੀਆਂ ਜਾਣਗੀਆਂ।
- ਕੱਬਡੀ ਦੀ ਖੇਡ ਨੂੰ ਉਤਸ਼ਾਹਿਤ ਕਰਨ ਲਈ ਪੇਂਡੂ ਟੂਰਨਾਮੇਂਟਾਂ ਨੂੰ ਬੜ੍ਹਾਵਾ ਦਿੱਤਾ ਜਾਵੇਗਾ।
- ਮਹੱਤਵਪੂਰਨ ਅੰਤਰ ਰਾਸ਼ਟਰੀ ਅਤੇ ਰਾਸ਼ਟਰੀ ਖੇਡਾਂ ਵਿਚ ਮੈਡਲ ਜਿੱਤਣ ਵਾਲੇ ਖਿਡਾਰੀਆਂ ਨੂੰ ਦਿੱਤੀ ਜਾਣ ਵਾਲੀ ਨਗਦ ਇਨਾਮ ਦੀ ਰਕਮ ਨੂੰ ਹਰਿਆਣਾ ਦੇ ਬਰਾਬਰ ਲਿਆਂਦਾ ਜਾਵੇਗਾ।

| ਲੜੀ ਨੰ. | ਮੁਕਾਬਲੇ | ਗੋਲਡ ਮੈਡਲ | ਸਿਲਵਰ ਮੈਡਲ | ਕਾਂਸਾ ਮੈਡਲ | ਪ੍ਰਤੀਯੋਗੀ |
|---|---|---|---|---|---|
| 1 | ਉਲੰਪਿਕ /ਪੈਰਾ ਉਲੰਪਿਕ | 6 ਕਰੋੜ | 4 ਕਰੋੜ | 2.5 ਕਰੋੜ | 15 ਲੱਖ |
| 2 | ਏਸ਼ੀਅਨ / ਪੈਰਾ ਏਸ਼ੀਅਨ ਖੇਡਾਂ | 3 ਕਰੋੜ | 1.5 ਕਰੋੜ | 75 ਲੱਖ | 7.5 ਲੱਖ |
| 3 | ਕੌਮਨਵੈੱਲਥ ਖੇਡਾਂ / ਪੈਰਾ ਕੌਮਨਵੈੱਲਥ | 1.5 ਕਰੋੜ | 75 ਲੱਖ | 50 ਲੱਖ | 7.5 ਲੱਖ |
| 4 | ਵਰਲਡ ਕੱਪ (ਚਾਰ ਸਾਲਾਂ ਵਿਚ ਇਕ ਵਾਰ) ਪੈਰਾ ਵਰਲਡ ਕੱਪ | 1.5 ਕਰੋੜ | 75 ਲੱਖ | 50 ਲੱਖ | 7.5 ਲੱਖ |
| 5 | ਨੈਸ਼ਨਲ ਖੇਡਾਂ / ਪੈਰਾ ਨੈਸ਼ਨਲ ਖੇਡਾਂ | 5 ਲੱਖ | 3 ਲੱਖ | 2 ਲੱਖ | - |
| 6 | ਰਾਜ ਪੱਧਰੀ ਖੇਡਾਂ | 21,000 | 10,000 | 5,000 | - |

# NDA ਦੇ
# ਪੇਂਡੂ ਖੇਤਰਾਂ ਲਈ
## 11 ਸੰਕਲਪ 2022





NDA ਦਾ

# ਸੰਕਲਪ ਪੱਤਰ

# 2022



## ਸ਼ਾਂਤੀ ਅਤੇ ਭਾਈਚਾਰਾ

- ਸੂਬੇ ਵਿਚ ਕਾਨੂੰਨ ਅਤੇ ਸੁਰੱਖਿਆ ਦੀਆਂ ਬੇਹਤਰ ਸੇਵਾਵਾਂ ਦੇਣ ਲਈ ਸਾਰੇ ਪੁਲਿਸ ਸਟੇਸ਼ਨਾਂ 'ਚ ਕਾਨੂੰਨ, ਫੋਰੈਂਸਿਕ, ਡਿਜੀਟਲ ਤਕਨਾਲੋਜੀ ਦੇ ਮਾਹਰ ਭਰਤੀ ਕੀਤੇ ਜਾਣਗੇ।
- ਸਾਈਬਰ ਅਪਰਾਧਾਂ ਦੀ ਰੋਕਥਾਮ ਲਈ ਸਾਈਬਰ ਡਿਫੈਂਸ ਹੈੱਡਕੁਆਟਰ ਬਣਾਇਆ ਜਾਵੇਗਾ ਅਤੇ CCTV ਰਾਹੀਂ ਸ਼ਹਿਰਾਂ ਦੀ 24 ਘੰਟੇ ਨਿਗਰਾਨੀ ਕੀਤੀ ਜਾਵੇਗੀ।
- ਪੁਲਿਸ ਪ੍ਰਸ਼ਾਸਨ ਵਿੱਚ ਕੁਸ਼ਲਤਾ ਲਿਆਉਣ ਲਈ ਡਿਊਟੀ ਦੇ ਘੰਟੇ ਨਿਸ਼ਚਿਤ ਕੀਤੇ ਜਾਣਗੇ ਅਤੇ ਨਵੀਆਂ ਭਰਤੀਆਂ ਕੀਤੀਆਂ ਜਾਣਗੀਆਂ।
- ਪੁਲਿਸ ਪ੍ਰਸ਼ਾਸਨ ਅਤੇ ਕਾਰਵਾਈਆਂ ਵਿੱਚ ਸਿਆਸੀ ਦਖ਼ਲਅੰਦਾਜ਼ੀ ਨੂੰ ਖ਼ਤਮ ਕਰਾਂਗੇ।
- ਬੇਅਦਬੀ 'ਤੇ Zero tolerance ਦੀ ਨੀਤੀ ਅਪਣਾਉਂਦਿਆਂ ਵਿਸ਼ੇਸ਼ ਟਾਸਕ ਫੋਰਸ ਅਤੇ ਫਾਸਟ ਟਰੈਕ ਅਦਾਲਤਾਂ ਦੀ ਸਥਾਪਨਾ ਕੀਤੀ ਜਾਵੇਗੀ|
- ਅੱਤਵਾਦ, ਨਸ਼ੇ ਦੀ ਤਸਕਰੀ ਅਤੇ ਹਥਿਆਰਾਂ ਦੀ ਸਰਹਦ ਪਾਰ ਤੋਂ ਸਪਲਾਈ ਨੂੰ ਰੋਕਣ ਲਈ ਡਰੋਨ ਅਤੇ CCTV ਨਿਗਰਾਨੀ, ਇਲੈਕਟ੍ਰਿਕ ਫੈਂਸ ਅਤੇ ਪੁਲਿਸ ਚੌਕੀਆਂ ਦੇ ਨਿਰਮਾਣ ਵਰਗੇ ਸਖ਼ਤ ਕਦਮ ਚੁੱਕੇ ਜਾਣਗੇ।
- ਅੱਤਵਾਦ ਤੋਂ ਪੀੜਤ ਪਰਿਵਾਰਾਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਲਈ Truth and reconciliation Commission (ਸੱਚ ਅਤੇ ਸੁਲ੍ਹਾ ਕਮਿਸ਼ਨ) ਦਾ ਗਠਨ ਕੀਤਾ ਜਾਵੇਗਾ। ਅੱਤਵਾਦ ਪ੍ਰਭਾਵਿਤ ਪਰਿਵਾਰਾਂ ਨੂੰ 5 ਲੱਖ ਰੁਪਏ ਦਾ ਮੁਆਵਜ਼ਾ ਵੀ ਦਿੱਤਾ ਜਾਵੇਗਾ।
- ਨਾਗਰਿਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਇੱਕ ਸਿੰਗਲ ਐਮਰਜੈਂਸੀ ਸਹਾਇਤਾ ਨੰਬਰ ਸ਼ੁਰੂ ਕੀਤਾ ਜਾਵੇਗਾ। ਸ਼ਿਕਾਇਤ ਮਿਲਣ 'ਤੇ 15 ਮਿੰਟਾਂ ਦੇ ਅੰਦਰ ਪੁਲਿਸ ਦਾ ਮੌਕੇ 'ਤੇ ਪੁੱਜਣਾ ਲਾਜ਼ਮੀ ਹੋਵੇਗਾ।

## ਨਸ਼ਾ ਮੁਕਤ ਪੰਜਾਬ

- ਕੌਮੀ ਅਤੇ ਕੌਮਾਂਤਰੀ ਸਰਹੱਦਾਂ 'ਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੀ ਸਮੱਸਿਆ ਨਾਲ ਨਜਿੱਠਣ ਲਈ ਜੰਮੂ-ਕਸ਼ਮੀਰ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਰਾਜਸਥਾਨ ਦੇ ਨਾਲ ਮਿਲ ਕੇ ਇੱਕ ਸੰਯੁਕਤ ਅੰਤਰਰਾਜੀ ਕਮਿਸ਼ਨ ਬਣਾਇਆ ਜਾਵੇਗਾ।
- ਸੂਬੇ ਦੇ ਸਮੂਹ ਸਰਕਾਰੀ ਪੁਨਰਵਾਸ ਕੇਂਦਰਾਂ ਨੂੰ ਆਧੁਨਿਕ ਸਹੂਲਤਾਂ ਪ੍ਰਦਾਨ ਕਰਦਿਆਂ ਉਨ੍ਹਾਂ 'ਚ ਫਿਟਨੈੱਸ ਸੈਂਟਰ ਅਤੇ ਰਹਿਣ ਲਈ ਚੰਗੀਆਂ ਸਹੂਲਤਾਂ ਦਿਤੀਆਂ ਜਾਣਗੀਆਂ।
- ਨਸ਼ਿਆਂ ਦੇ ਪ੍ਰਭਾਵ ਤੋਂ ਮੁਕਤ ਹੋਏ ਨੌਜਵਾਨਾਂ ਨੂੰ ਸਮਾਜ ਵਿੱਚ ਸਨਮਾਨਜਨਕ ਜੀਵਨ ਪ੍ਰਦਾਨ ਕਰਨ ਲਈ ਕਿੱਤਾਮੁਖੀ ਸਿਖਲਾਈ ਅਤੇ ਰੁਜ਼ਗਾਰ ਮੁਹੱਈਆ ਕਰਵਾਏ ਜਾਣਗੇ।
- ਨਸ਼ਾ ਛੁਡਾਉਣ ਲਈ ਕੰਮ ਕਰਨ ਵਾਲੀਆਂ ਸਮਾਜਿਕ ਸੰਸਥਾਵਾਂ ਅਤੇ ਵਿਅਕਤੀਆਂ ਨੂੰ ਵਿਸ਼ੇਸ਼

- ਨਸ਼ਾ ਉਤਪੀੜਤ ਔਰਤਾਂ ਲਈ ਸਵੈ-ਸਹਾਇਤਾ ਗਰੁੱਪ ਵਿਕਸਿਤ ਕੀਤੇ ਜਾਣਗੇ | ਇਹ ਸਹਾਇਤਾ ਗਰੁੱਪ ਲੋੜੀਂਦੀ ਮਦਦ, ਮਹਿਲਾ ਸ਼ਸਤਰੀਕਰਨ ਅਤੇ ਹੁਨਰ ਸਿਖਲਾਈ ਦੇਣ ਦਾ ਕੰਮ ਕਰਨਗੇ।
- ਪੰਜਾਬ ਵਿੱਚੋਂ ਨਸ਼ਿਆਂ ਦੀ ਲਾਹਨਤ ਨੂੰ ਜੜ੍ਹੋਂ ਪੁੱਟਣ ਲਈ ਨਸ਼ਾ ਸਪਲਾਈ ਚੇਨ ਨੂੰ ਤੋੜਨ ਲਈ ਸਖ਼ਤ ਕਾਨੂੰਨ ਬਣਾਇਆ ਜਾਵੇਗਾ ਅਤੇ ਹਰੇਕ ਜ਼ਿਲ੍ਹੇ ਵਿੱਚ ਇੱਕ ਵਿਸ਼ੇਸ਼ ਨਸ਼ਾ ਰੋਕਥਾਮ ਟਾਸਕ ਫੋਰਸ ਦਾ ਗਠਨ ਕੀਤਾ ਜਾਵੇਗਾ।
- ਨਸ਼ਿਆਂ ਨਾਲ ਸਬੰਧਿਤ ਕੇਸਾਂ ਨੂੰ ਤੇਜ਼ੀ ਨਾਲ ਨਿਪਟਾਉਣ ਲਈ ਫਾਸਟ-ਟਰੈਕ ਅਦਾਲਤਾਂ ਸ਼ੁਰੂ ਕੀਤੀਆਂ ਜਾਣਗੀਆਂ।
- ਨਸ਼ੀਲੇ ਪਦਾਰਥਾਂ ਦੀ ਵਿੱਕਰੀ ਦੀ ਸ਼ਿਕਾਇਤ ਕਰਨ ਵਾਲੇ ਦੀ ਸੁਰੱਖਿਆ ਯਕੀਨੀ ਕੀਤੀ ਜਾਵੇਗੀ ਅਤੇ ਉਸ ਨੂੰ ਨਗਦ ਇਨਾਮ ਦਿੱਤਾ ਜਾਵੇਗਾ।
- ਸਾਰੀਆਂ ਚੋਣਾਂ ਲਈ ਨਾਮਜ਼ਦਗੀ ਫਾਰਮ ਭਰਨ ਤੋਂ ਪਹਿਲਾਂ ਡੋਪ ਟੈਸਟ ਲਾਜ਼ਮੀ ਕੀਤਾ ਜਾਵੇਗਾ।
- ਨਸ਼ਿਆਂ ਦੀ ਰੋਕਥਾਮ ਲਈ ਟੋਲ-ਫ੍ਰੀ ਹੈਲਪਲਾਈਨ ਸ਼ੁਰੂ ਕੀਤੀ ਜਾਵੇਗੀ।

## ਉਦਯੋਗਿਕ ਕ੍ਰਾਂਤੀ

- 'ਸਮ੍ਰਿਧ ਪੰਜਾਬ ਯੋਜਨਾ' ਦੇ ਅਧੀਨ ਪੰਜਾਬ ਦੇ ਰਿਵਾਇਤੀ ਹੈਂਡਲੂਮ ਅਤੇ ਹੈਂਡੀਕਰਾਫਟ ਉਦਯੋਗ ਨੂੰ ਮੁੜ ਸੁਰਜੀਤ ਕਰਨ ਲਈ 100 ਕਰੋੜ ਰੁਪਏ ਦੀ ਸਹਾਇਤਾ ਦਿੱਤੀ ਜਾਵੇਗੀ।
- 'Plug and Play model' ਦੇ ਤਹਿਤ ਸੂਬੇ ਵਿੱਚ ਨਿਵੇਸ਼ ਨੂੰ ਆਕਰਸ਼ਿਤ ਕਰਨ ਅਤੇ ਉਦਯੋਗਾਂ ਨੂੰ ਉਤਸ਼ਾਹਿਤ ਕਰਨ ਲਈ ਕਾਰੋਬਾਰ ਅਨੁਕੂਲ ਵਾਤਾਵਰਨ, ਬੁਨਿਆਦੀ ਢਾਂਚੇ ਦਾ ਵਿਕਾਸ, ਪਾਣੀ ਦੀ ਸਪਲਾਈ, ਆਵਾਜਾਈ ਦੀਆਂ ਸਹੂਲਤਾਂ ਪਹਿਲ ਦੇ ਅਧਾਰ 'ਤੇ ਪ੍ਰਦਾਨ ਕੀਤੀਆਂ ਜਾਣਗੀਆਂ।
- ਇੱਕ ਜ਼ਿਲ੍ਹਾ ਤੇ ਇੱਕ ਉਤਪਾਦ (ODOP) - ਹਰ ਜ਼ਿਲ੍ਹੇ ਨੂੰ ਰਵਾਇਤੀ ਉਦਯੋਗਿਕ ਵਿਸ਼ੇਸ਼ਤਾਵਾਂ ਦੇ ਆਧਾਰ 'ਤੇ ਵਿਕਸਤ ਕੀਤਾ ਜਾਵੇਗਾ|
- ਹਰ ਜ਼ਿਲ੍ਹੇ ਵਿੱਚ ਲਾਲਾ ਲਾਜਪਤ ਰਾਏ MSME ਵਿਕਾਸ ਕੇਂਦਰ ਸਥਾਪਿਤ ਕੀਤੇ ਜਾਣਗੇ, ਜਿਸ ਅਧੀਨ ਤਕਨੀਕੀ, ਮਾਰਕੀਟਿੰਗ ਅਤੇ ਕਾਰੋਬਾਰੀ ਸਹਾਇਤਾ ਦਿੱਤੀ ਜਾਵੇਗੀ।
- MSMEs ਨੂੰ 4 ਰੁਪਏ ਪ੍ਰਤੀ ਯੂਨਿਟ ਅਤੇ ਹੋਰ ਸਾਰੇ ਉਦਯੋਗਾਂ ਨੂੰ 5 ਰੁਪਏ ਪ੍ਰਤੀ ਯੂਨਿਟ ਦੇ ਦਰ ਤੇ ਬਿਜਲੀ ਦਿੱਤੀ ਜਾਵੇਗੀ।
- ਵੈਟ (VAT) ਦੇ ਬਕਾਏ ਦਾ ਨਿਪਟਾਰਾ ਡੀਲਰ-ਅਨੁਕੂਲ ਵਨ-ਟਾਈਮ-ਸੈਟਲਮੈਂਟ (OTS) ਸਕੀਮ ਰਾਹੀਂ ਕੀਤਾ ਜਾਵੇਗਾ।
- ਰਾਜ ਵਿੱਚ ਨਿਵੇਸ਼ ਨੂੰ ਆਕਰਸ਼ਿਤ ਕਰਨ ਲਈ ਟੈਕਸ ਫ੍ਰੀ ਉਦਯੋਗਿਕ ਕਲੱਸਟਰ ਬਣਾਏ ਜਾਣਗੇ।
- ਕੰਢੀ ਖੇਤਰ ਅਤੇ ਮੋਹਾਲੀ ਵਿੱਚ ਬਣਨ ਵਾਲੀ ਨਵੀਂ ਉਦਯੋਗਿਕ ਟਾਊਨਸ਼ਿਪ ਨੂੰ ਵਿਸ਼ਵ ਪੱਧਰੀ ਮਾਪਦੰਡਾਂ 'ਤੇ ਵਿਕਸਤ ਕੀਤਾ ਜਾਵੇਗਾ।
- ਜਲੰਧਰ, ਅੰਮ੍ਰਿਤਸਰ ਅਤੇ ਬਠਿੰਡਾ ਵਿੱਚ 3 ਨਵੇਂ ਡਰਾਈ ਪੋਰਟ ਸਥਾਪਿਤ ਕਰਾਂਗੇ ਅਤੇ ਸਾਹਨੇਵਾਲ

ਡਰਾਈ ਪੋਰਟ ਦੀ ਸਮਰੱਥਾ ਵਧਾਈ ਜਾਵੇਗੀ।

- ਸੂਬੇ ਵਿਚ ਉਦਯੋਗਿਕ ਕ੍ਰਾਂਤੀ ਲਿਆਉਣ ਲਈ ਲੁਧਿਆਣਾ ਨੂੰ ਗਲੋਬਲ ਇੰਟਰਪ੍ਰਾਈਜ਼ ਜ਼ੋਨ ਵਜੋਂ ਵਿਕਸਤ ਕੀਤਾ ਜਾਵੇਗਾ।
- ਕੋਵਿਡ ਦੌਰਾਨ ਸੂਬੇ ਵਿੱਚ ਉਦਯੋਗਾਂ ਨੂੰ ਹੋਏ ਨੁਕਸਾਨ ’ਤੇ ਇੱਕ ਵਾਈਟ ਪੇਪਰ ਲਿਆਂਦਾ ਜਾਵੇਗਾ ਅਤੇ ਪ੍ਰਭਾਵਿਤ ਉਦਯੋਗਾਂ ਨੂੰ ਉਤਸ਼ਾਹਿਤ ਕਰਨ ਲਈ ਇੱਕ ਵਿਸ਼ੇਸ਼ ਰਾਹਤ ਪੈਕੇਜ ਦਿੱਤਾ ਜਾਵੇਗਾ।
- ਟੈਕਸਾਂ ਨੂੰ ਤਰਕਸੰਗਤ ਬਣਾਉਂਦਿਆਂ ਸਿੰਗਲ ਵਿੰਡੋ ਕਲੀਅਰੈਂਸ ਵਿਧੀ ਅਪਣਾਈ ਜਾਵੇਗੀ ਜਿਸ ਅਧੀਨ 15 ਦਿਨਾਂ ਦੇ ਅੰਦਰ ਲੋੜੀਂਦੇ ਪਰਮਿਟ ਦਿੱਤੇ ਜਾਣਗੇ। ਪੰਜਾਬ ਨੂੰ ਦੇਸ਼ ਦੇ ਚੋਟੀ ਦੇ 5 ਰਾਜਾਂ ਵਿੱਚੋਂ ਇੱਕ ਬਣਾਉਣ ਲਈ ਕਾਰੋਬਾਰ ਨੀਤੀ ਨੂੰ ਸਰਲ ਕੀਤਾ ਜਾਵੇਗਾ।
- Faceless inspections ਨੀਤੀ ਤਹਿਤ ਸੇਵਾਵਾਂ ਵਿਚ ਪਾਰਦਰਸ਼ਤਾ ਅਤੇ ਕਾਰੋਬਾਰ ਕਰਨ ਨੂੰ ਸਰਲ ਅਤੇ ਸੁਖਾਲਾ ਬਣਾਇਆ ਜਾਵੇਗਾ।

## ਵਿਕਸਿਤ ਪੰਜਾਬ

- ਸੂਬੇ ਵਿੱਚ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਅਗਲੇ 5 ਸਾਲਾਂ ਵਿੱਚ 1 ਲੱਖ ਕਰੋੜ ਰੁਪਏ ਖ਼ਰਚ ਕੀਤੇ ਜਾਣਗੇ।
- ਪੰਜਾਬ ਦੇ ਸਾਰੇ ਉਪਭੋਗਤਾਵਾਂ ਨੂੰ 300 ਯੂਨਿਟ ਫ੍ਰੀ ਬਿਜਲੀ ਦਿੱਤੀ ਜਾਵੇਗੀ| 300 ਯੂਨਿਟ ਤੋਂ ਜ਼ਿਆਦਾ ਇਸਤੇਮਾਲ ’ਤੇ 3 ਰੁਪਏ ਪ੍ਰਤੀ ਯੂਨਿਟ ਬਿਜਲੀ ਦਿੱਤੀ ਜਾਵੇਗੀ|
- ਛੋਟੇ ਕਸਬਿਆਂ ਅਤੇ ਸ਼ਹਿਰਾਂ ਦੇ ਨਵੀਨੀਕਰਨ ਲਈ 'ਅਟੱਲ ਮਿਸ਼ਨ ਫ਼ਾਰ ਰੀਜੁਵੇਨੇਸ਼ਨ ਐਂਡ ਟਰਾਂਸਫਾਰਮੇਸ਼ਨ ਸਕੀਮ' ਸ਼ੁਰੂ ਕੀਤੀ ਜਾਵੇਗੀ ਅਤੇ ਸਾਰੇ ਸ਼ਹਿਰਾਂ ਨੂੰ 'ਹੈਰੀਟੇਜ ਸਿਟੀ ਡਿਵੈਲਪਮੈਂਟ ਐਂਡ ਔਗਮੇਂਟੇਸ਼ਨ ਯੋਜਨਾ' ਅਤੇ 'ਸਮਾਰਟ ਸਿਟੀ ਮਿਸ਼ਨ' ਤਹਿਤ ਵਿੱਤੀ ਸਹਾਇਤਾ ਦਿੱਤੀ ਜਾਵੇਗੀ।
- ਸ੍ਰੀ ਗੁਰੂ ਅਰਜਨ ਦੇਵ ਜੀ ਮਿਸ਼ਨ ਦੇ ਤਹਿਤ, ਸਾਰੇ ਪਿੰਡਾਂ ਅਤੇ ਸ਼ਹਿਰਾਂ ਨੂੰ 24 ਘੰਟੇ - 7 ਦਿਨ ਪਾਣੀ ਅਤੇ ਬਿਜਲੀ ਸਪਲਾਈ, ਸੀਮਿੰਟ ਦੀਆਂ ਪੱਕੀਆਂ ਗਲੀਆਂ ਤੇ ਸੜਕਾਂ ਅਤੇ ਕੂੜਾ ਇਕੱਠਾ ਕਰਨ ਦੀ ਬਿਹਤਰ ਸੁਵਿਧਾ ਦੇ ਨਾਲ ਹੀ ਵਧੀਆ ਕਮਿਊਨਿਟੀ ਸੈਂਟਰ ਮੁਹੱਈਆ ਕਰਵਾਏ ਜਾਣਗੇ।
- ਅੰਮ੍ਰਿਤਸਰ, ਲੁਧਿਆਣਾ, ਜਲੰਧਰ, ਮੋਹਾਲੀ, ਬਠਿੰਡਾ, ਪਟਿਆਲਾ ਨੂੰ ਮੈਟਰੋਪੋਲੀਟਨ ਸ਼ਹਿਰ ਦੀ ਤਰਜ਼ 'ਤੇ ਵਿਕਸਤ ਕੀਤਾ ਜਾਵੇਗਾ।
- ਉਦਯੋਗਿਕ, ਵਪਾਰਕ ਅਤੇ ਘਰੇਲੂ ਵਰਤੋਂ ਲਈ ਗੈਸ ਦੀ ਸਪਲਾਈ ਨੂੰ ਯਕੀਨੀ ਬਣਾਉਣ ਲਈ ਬਠਿੰਡਾ-ਜੰਮੂ-ਸ੍ਰੀਨਗਰ ਗੈਸ ਪਾਈਪਲਾਈਨ ਪ੍ਰੋਜੈਕਟ ਨੂੰ ਰਾਜ ਦੇ ਕੋਨੇ ਕੋਨੇ ਤੱਕ ਪਹੁੰਚਾਇਆ ਜਾਵੇਗਾ।
- ਪੰਜਾਬ ਦੇ ਸਾਰੇ ਸ਼ਹਿਰੀ ਖੇਤਰਾਂ ਨੂੰ ਹਰਿਆਲੀ ਕਵਰ ’ਚ ਲਿਆਉਂਦਿਆਂ ਅਤੇ ਹਵਾ ਗੁਣਵੱਤਾ ਸੂਚਕਾਂਕ ਨੂੰ ਵਧਾਉਣ ਲਈ ਉਦਯੋਗਿਕ ਸ਼ਹਿਰਾਂ ਵਿੱਚ ਏਅਰ ਪਿਊਰੀਫਾਇਰ ਲਗਾਏ ਜਾਣਗੇ|
- ਬਾਇਓਗੈਸ ਪਲਾਂਟ, ਪੀਣ ਵਾਲੇ ਸਾਫ਼ ਪਾਣੀ

ਲਈ ਆਰ.ਓਜ਼, ਸੋਲਰ ਸਟਰੀਟ ਲਾਈਟਿੰਗ ਪ੍ਰਣਾਲੀਆਂ ਦੀ ਉਪਲਬਧਤਾ ਨੂੰ ਯਕੀਨੀ ਬਣਾ ਕੇ ਸਮਾਰਟ ਪਿੰਡ ਬਣਾਏ ਜਾਣਗੇ

- ਆਵਾਜਾਈ ਦਰੁਸਤ ਕਰਨ ਲਈ ਪੰਜਾਬ ਦੇ ਸਾਰੇ ਸ਼ਹਿਰਾਂ ਵਿੱਚ ਫਲਾਈਓਵਰਾਂ ਅਤੇ ਸਬਵੇਆਂ ਦੀ ਉਸਾਰੀ ਕੀਤੀ ਜਾਵੇਗੀ।
- ਸਾਰੀਆਂ ਸਰਕਾਰੀ ਬੱਸਾਂ ਨੂੰ ਅਪਗ੍ਰੇਡ ਕਰਨ ਤੋਂ ਇਲਾਵਾ ਨਵੀਨਤਮ ਸਹੂਲਤਾਂ ਨਾਲ ਲੈਸ 500 ਅੰਤਰਰਾਜੀ ਅਤੇ 400 ਇੰਟਰਸਿਟੀ ਬੱਸਾਂ ਚਲਾਈਆਂ ਜਾਣਗੀਆਂ|
- ਬੱਸ ਅੱਡਿਆਂ ਦਾ ਆਧੁਨਿਕੀਕਰਨ ਕੀਤਾ ਜਾਵੇਗਾ, ਜਿਸ ਵਿਚ ਐਲ.ਈ.ਡੀ. ਸਕਰੀਨ, ਸਾਫ਼-ਸੁਥਰੇ ਪਖਾਨੇ, ਪੀਣ ਵਾਲੇ ਪਾਣੀ ਦੀ ਉਚਿੱਤ ਸਹੂਲਤ, ਸਾਫ਼ ਸੁਥਰੇ ਵੇਟਿੰਗ ਰੂਮ ਅਤੇ ਮੁਫ਼ਤ ਵਾਈ-ਫਾਈ ਵਰਗੀਆਂ ਸਹੂਲਤਾਂ ਦਿੱਤੀਆਂ ਜਾਣਗੀਆਂ।
- ਪ੍ਰਦੂਸ਼ਣ ਨੂੰ ਘਟਾਉਣ ਲਈ ਅਤੇ ਇਲੈਕਟ੍ਰਿਕ ਵਾਹਨਾਂ ਨੂੰ ਉਤਸ਼ਾਹਿਤ ਕਰਨ ਲਈ ਜਿੱਥੇ ਇਲੈਕਟ੍ਰਿਕ ਵਾਹਨਾਂ ਦੀ ਖ਼ਰੀਦਦਾਰੀ 'ਤੇ ਸਬਸਿਡੀ ਦਿੱਤੀ ਜਾਵੇਗੀ ਉੱਥੇ ਸਾਰੇ ਜਨਤਕ ਥਾਵਾਂ 'ਤੇ ਫ੍ਰੀ ਚਾਰਜਿੰਗ ਕੇਂਦਰ ਸਥਾਪਿਤ ਕੀਤੇ ਜਾਣਗੇ।
- ਅੰਮ੍ਰਿਤਸਰ ਅਤੇ ਮੋਹਾਲੀ ਤੋਂ US, UK, Canada and Australia ਲਈ ਸਿੱਧੀਆਂ ਅੰਤਰਰਾਸ਼ਟਰੀ ਉਡਾਣਾਂ ਸ਼ੁਰੂ ਕੀਤੀਆਂ ਜਾਣਗੀਆਂ। ਭਾਰਤ ਸਰਕਾਰ ਦੀ RCS-UDAN ਸਕੀਮ ਤਹਿਤ ਬਠਿੰਡਾ, ਆਦਮਪੁਰ ਅਤੇ ਲੁਧਿਆਣਾ ਵਿੱਚ ਘਰੇਲੂ ਉਡਾਣਾਂ ਨੂੰ ਉਤਸ਼ਾਹਿਤ ਕੀਤਾ ਜਾਵੇਗਾ।

## ਹਰ ਹੱਥ ਨੂੰ ਰੋਜ਼ਗਾਰ

- ਪੰਜਾਬ ਦੇ ਨੌਜਵਾਨਾਂ ਲਈ ਸਰਕਾਰੀ ਨੌਕਰੀਆਂ ਵਿੱਚ 75 ਫ਼ੀਸਦੀ ਅਤੇ ਪ੍ਰਾਈਵੇਟ ਨੌਕਰੀਆਂ ਵਿੱਚ 50 ਫ਼ੀਸਦੀ ਰਾਖਵਾਂਕਰਨ ਕੀਤਾ ਜਾਵੇਗਾ।
- ਸਕਸ਼ਮ ਯੁਵਾ ਯੋਜਨਾ ਤਹਿਤ ਪੰਜਾਬ ਦੇ ਹਰ ਨੌਜਵਾਨ ਨੂੰ ਹਰ ਮਹੀਨੇ ਘੱਟੋ ਘੱਟ 150 ਘੰਟੇ ਕੰਮ ਦੀ ਗਰੰਟੀ ਦਿੱਤੀ ਜਾਵੇਗੀ।
- ਸਰਕਾਰ ਬਣਨ 'ਤੇ ਇਕ ਸਾਲ ਦੇ ਅੰਦਰ ਸਾਰੀਆਂ ਖ਼ਾਲੀ ਸਰਕਾਰੀ ਅਸਾਮੀਆਂ ਭਰ ਦਿੱਤੀਆਂ ਜਾਣਗੀਆਂ।
- ਪੰਜਾਬ ਦੇ ਬੇਰੁਜ਼ਗਾਰ ਗ੍ਰੇਜੂਏਟਾਂ ਨੂੰ 2 ਸਾਲਾਂ ਤੱਕ 4000 ਰੁਪਏ ਪ੍ਰਤੀ ਮਹੀਨਾ ਬੇਰੁਜ਼ਗਾਰੀ ਭੱਤਾ ਦਿੱਤਾ ਜਾਵੇਗਾ।
- ਅਧਿਆਪਕਾਂ, ਸਫਾਈ ਕਰਮਚਾਰੀਆਂ, ਆਂਗਣਵਾੜੀ ਵਰਕਰਾਂ, ਨਰਸਾਂ ਸਮੇਤ ਸਾਰੇ ਵਿਭਾਗਾਂ 'ਚ ਠੇਕੇ 'ਤੇ ਰੱਖੇ ਗਏ ਕਰਮਚਾਰੀਆਂ ਨੂੰ ਰੈਗੂਲਰ ਕੀਤਾ ਜਾਵੇਗਾ।
- ਸਰਕਾਰੀ ਨੌਕਰੀਆਂ ਲਈ ਭਰਤੀ ਫਾਰਮ ਮੁਫ਼ਤ ਕੀਤੇ ਜਾਣਗੇ।
- "ਮਿਸ਼ਨ ਸਵਾਵਲੰਬਨ" ਤਹਿਤ SIDBI ਨਾਲ ਸਾਂਝੇਦਾਰੀ ਕਰਕੇ ਉੱਦਮਸ਼ੀਲਤਾ ਨੂੰ ਉਤਸ਼ਾਹਿਤ ਕਰਨ ਅਤੇ ਸੂਖਮ-ਉੱਦਮੀਆਂ ਦੀ ਪਛਾਣ ਕਰਦਿਆਂ ਉਨ੍ਹਾਂ ਨੂੰ ਨਵੇਂ ਕਾਰੋਬਾਰ ਸ਼ੁਰੂ ਕਰਨ ਲਈ ਘਟ ਵਿਆਜ 'ਤੇ ਵਿੱਤੀ ਸਹਾਇਤਾ ਦਿੱਤੀ ਜਾਵੇਗੀ।
- ਛੋਟੇ ਕਾਰੋਬਾਰੀਆਂ/ਦੁਕਾਨਦਾਰਾਂ ਨੂੰ ਸਮਾਜਿਕ

ਸੁਰੱਖਿਆ ਦੇਣ ਲਈ ਪੈਨਸ਼ਨ ਸਕੀਮ ਸ਼ੁਰੂ ਕੀਤੀ ਜਾਵੇਗੀ।

- ਪੰਜਾਬ ਦੇ ਉਦਯੋਗਿਕ ਵਿਕਾਸ ਨੂੰ ਹੁਲਾਰਾ ਦੇਣ ਲਈ ਦਿੱਲੀ-ਅੰਮ੍ਰਿਤਸਰ-ਕਟੜਾ ਐਕਸਪ੍ਰੈਸਵੇਅ ਦੇ ਨਾਲ ਇੱਕ ਸਪੈਸ਼ਲ ਇਕਨਾਮਿਕ ਜ਼ੋਨ ਵਿਕਸਿਤ ਕੀਤਾ ਜਾਵੇਗਾ, ਜਿਸ ਅਧੀਨ ਅੰਬਾਲਾ, ਚੰਡੀਗੜ੍ਹ, ਮੋਹਾਲੀ, ਸੰਗਰੂਰ, ਪਟਿਆਲਾ, ਲੁਧਿਆਣਾ, ਜਲੰਧਰ ਅਤੇ ਕਪੂਰਥਲਾ ਦੇ ਉਦਯੋਗਿਕ ਕੇਂਦਰਾਂ ਨੂੰ ਆਪਸ ਵਿਚ ਜੋੜਿਆ ਜਾਵੇਗਾ।
- Startup Incubation Centres ਦੀ ਸਥਾਪਨਾ ਕਰਕੇ ਅਗਲੇ 5 ਸਾਲਾਂ ਵਿੱਚ 5,000 ਸਟਾਰਟਅੱਪਸ ਨੂੰ ਮਦਦ ਦੇਣ ਦੇ ਉਦੇਸ਼ ਨਾਲ ਇੱਕ ਸਟਾਰਟ-ਅੱਪ ਕਾਰਪਸ ਫ਼ੰਡ ਸਥਾਪਤ ਕਰਾਂਗੇ।

## ਮਿਆਰੀ ਸਿੱਖਿਆ ਸਭ ਦਾ ਅਧਿਕਾਰ

- ਸ਼ਹੀਦ ਭਗਤ ਸਿੰਘ ਮਿਸ਼ਨ ਤਹਿਤ ਪੰਜਾਬ ਦੇ ਸਾਰੇ ਸਕੂਲਾਂ ਵਿੱਚ ਵਿੱਦਿਅਕ ਢਾਂਚੇ 'ਚ ਸੁਧਾਰ ਲਿਆਉਣ ਲਈ ਹੁਨਰ-ਅਧਾਰਿਤ ਕੋਰਸਾਂ ਅਤੇ ਆਧੁਨਿਕ ਸਾਜ਼ੋ-ਸਾਮਾਨ ਜਿਵੇਂ ਕਿ ਵਾਈ-ਫਾਈ, ਕੰਪਿਊਟਰ ਲੈਬ, ਡਿਜੀਟਲ ਲਾਇਬ੍ਰੇਰੀਆਂ, ਐਕਟੀਵਿਟੀ ਰੂਮ, ਸਪੋਰਟਸ ਸੁਵਿਧਾਵਾਂ, ਪੀਣ ਵਾਲੇ ਸੁਰੱਖਿਅਤ ਪਾਣੀ ਲਈ ਆਰ.ਓ., ਅਨੁਕੂਲ ਵਾਸ਼ਰੂਮ, ਸੈਨੇਟਰੀ ਪੈਡ ਵੈਂਡਿੰਗ ਮਸ਼ੀਨਾਂ ਅਤੇ ਇਨਸਿਨਰੇਟਰਾਂ ਵਾਲੇ ਸਮਾਰਟ ਸਕੂਲ ਸਥਾਪਿਤ ਕੀਤੇ ਜਾਣਗੇ।
- ਸੂਬੇ ਭਰ ਵਿੱਚ 3 ਸਟੇਟ ਯੂਨੀਵਰਸਿਟੀਆਂ, 2 ਨਵੇਂ ਸੈਨਿਕ ਸਕੂਲ ਅਤੇ 1 ਸਕਿੱਲ ਯੂਨੀਵਰਸਿਟੀ ਸਥਾਪਿਤ ਕੀਤੀ ਜਾਵੇਗੀ।
- ਹਰ ਤਹਿਸੀਲ ਵਿਚ ਇੱਕ ਸਰਕਾਰੀ ਕਾਲਜ ਖੋਲਿਆ ਜਾਵੇਗਾ | ਜਿਸ ਵਿੱਚ ਰਵਾਇਤੀ ਡਿਗਰੀ ਕੋਰਸਾਂ ਦੇ ਨਾਲ-ਨਾਲ ਰੁਜ਼ਗਾਰ-ਮੁਖੀ ਪੇਸ਼ੇਵਰ ਕੋਰਸਾਂ ਨੂੰ ਪਹਿਲ ਦਿੱਤੀ ਜਾਵੇਗੀ |
- ਕਿੱਤਾ ਸਿਖਲਾਈ ਸੰਸਥਾਵਾਂ ਸਥਾਪਿਤ ਕਰਕੇ 14 ਤੋਂ 30 ਸਾਲ ਦੇ ਉਮਰ ਦੇ ਵਿਅਕਤੀਆਂ ਲਈ 'ਹੁਨਰ ਸਿਖਲਾਈ ਦਾ ਅਧਿਕਾਰ ਐਕਟ' ਪਾਸ ਕੀਤਾ ਜਾਵੇਗਾ|
- SC, ST, OBC ਅਤੇ EWS ਵਿਦਿਆਰਥੀਆਂ ਨੂੰ ਕੇਂਦਰੀ ਅਤੇ ਰਾਜ ਸਰਕਾਰ ਦੀਆਂ ਵੱਖ-ਵੱਖ ਭਰਤੀ ਪ੍ਰੀਖਿਆਵਾਂ ਲਈ ਮੁਫ਼ਤ ਕੋਚਿੰਗ ਦਿੱਤੀ ਜਾਵੇਗੀ।
- ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਵਿੱਚ ਅਧਿਆਪਕਾਂ ਦੀਆਂ ਖ਼ਾਲੀ ਅਸਾਮੀਆਂ 'ਤੇ ਨਵੀਂ ਭਰਤੀ ਦੇ ਨਾਲ-ਨਾਲ ਕੱਚੇ ਅਧਿਆਪਕਾਂ ਨੂੰ ਰੈਗੂਲਰ ਕੀਤਾ ਜਾਵੇਗਾ।
- ਵਿਦਿਆਰਥੀਆਂ ਨੂੰ ਉਚੇਰੀ ਸਿੱਖਿਆ ਲਈ 5 ਲੱਖ ਰੁਪਏ ਤੱਕ ਦੀ ਕਰੈਡਿਟ ਸਹੂਲਤ ਵਾਲੇ ਕਰੈਡਿਟ ਕਾਰਡ ਦਿੱਤੇ ਜਾਣਗੇ।
- ਆਂਗਣਵਾੜੀਆਂ ਨੂੰ ਆਧੁਨਿਕ ਸਹੂਲਤਾਂ ਨਾਲ ਅਪਗ੍ਰੇਡ ਕੀਤਾ ਜਾਵੇਗਾ।

## ਨਿਰੋਆ ਪੰਜਾਬ

- ਹਰੇਕ ਪਿੰਡ/ਵਾਰਡ ਵਿੱਚ ਮੁਫ਼ਤ ਦਵਾਈਆਂ ਅਤੇ ਮੁੱਢਲੀ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ

"ਆਰੋਗਿਆ ਕੇਂਦਰ" (ਮੈਡੀਕਲ ਕਲੀਨਿਕ) ਸਥਾਪਿਤ ਕੀਤੇ ਜਾਣਗੇ|

- ਪੰਜਾਬ ਦੇ ਮਾਝਾ ਅਤੇ ਦੁਆਬਾ ਵਿੱਚ ਨਵੇਂ ਪੀ.ਜੀ.ਆਈ ਸੈਟੇਲਾਈਟ ਕੇਂਦਰ ਖੋਲ੍ਹੇ ਜਾਣਗੇ।
- ਹਰੇਕ ਲੋਕ ਸਭਾ ਹਲਕੇ ਵਿੱਚ ਇੱਕ ਮੈਡੀਕਲ ਅਤੇ ਇੱਕ ਨਰਸਿੰਗ ਕਾਲਜ ਸਥਾਪਿਤ ਕੀਤਾ ਜਾਵੇਗਾ।
- ਸਾਰੇ ਸੂਚੀਬੱਧ ਹਸਪਤਾਲਾਂ ਵਿੱਚ ਕੈਂਸਰ ਦੇ ਮਰੀਜ਼ਾਂ ਦਾ ਮੁਕੰਮਲ ਅਤੇ ਮੁਫ਼ਤ ਇਲਾਜ ਕੀਤਾ ਜਾਵੇਗਾ
- ਸਾਰੇ ਕੋਵਿਡ ਯੋਧਿਆਂ ਨੂੰ ਮਹਾਂਮਾਰੀ ਦੌਰਾਨ ਅਣਥੱਕ ਕੰਮ ਕਰਨ ਲਈ ਮੁਆਵਜ਼ਾ ਦਿੱਤਾ ਜਾਵੇਗਾ ਅਤੇ ਉਨ੍ਹਾਂ ਦੇ ਬਕਾਏ ਅਦਾ ਕੀਤੇ ਜਾਣਗੇ।
- ਸਰਕਾਰੀ ਹਸਪਤਾਲਾਂ ਅਤੇ ਸਿਹਤ ਕੇਂਦਰਾਂ ਵਿੱਚ ਡਾਕਟਰਾਂ, ਨਰਸਾਂ ਅਤੇ ਪੈਰਾ ਮੈਡੀਕਲ ਸਟਾਫ਼ ਦੀਆਂ ਖ਼ਾਲੀ ਅਸਾਮੀਆਂ ਨੂੰ ਤੁਰੰਤ ਭਰਿਆ ਜਾਵੇਗਾ|
- ਐਮਰਜੈਂਸੀ ਐਂਬੂਲੈਂਸ 108 ਦੀਆਂ ਸੇਵਾਵਾਂ ਵਿਚ 250 ਹੋਰ ਐਂਬੂਲੈਂਸਾਂ ਸ਼ਾਮਲ ਕੀਤੀਆਂ ਜਾਣਗੀਆਂ, ਅਤੇ ਐਂਬੂਲੈਂਸ ਡਰਾਈਵਰਾਂ ਨੂੰ ਫੁੱਲ-ਟਾਈਮ ਕਰਮਚਾਰੀਆਂ ਵਜੋਂ ਨਿਯੁਕਤ ਕੀਤਾ ਜਾਵੇਗਾ।
- ਸ਼ੀਤਲਾ ਮਾਤਾ ਹੈਲਥ ਇਨਫਰਾਸਟਰਕਚਰ ਮਿਸ਼ਨ ਸ਼ੁਰੂ ਕਰਕੇ ਪੰਜਾਬ ਦੀਆਂ ਸਾਰੀਆਂ CHC, PHC ਅਤੇ ਸਬ ਸੈਂਟਰਾਂ ਦਾ ਨਵੀਨੀਕਰਨ ਅਤੇ ਆਧੁਨਿਕੀਕਰਨ ਕੀਤਾ ਜਾਵੇਗਾ।
- ਘਰ ਬੈਠਿਆਂ ਨੂੰ ਮੈਡੀਕਲ ਸਹਾਇਤਾ ਪ੍ਰਦਾਨ ਕਰਨ ਲਈ ਸਮਾਰਟ ਫ਼ੋਨ ਐਪ ਅਤੇ ਚੈਟਬੋਟ ਵਿਕਸਿਤ ਕਰਦਿਆਂ ਈ-ਸਿਹਤ ਅਤੇ ਟੈਲੀ ਮੈਡੀਸਨ ਸਹੂਲਤਾਂ ਦਿੱਤੀਆਂ ਜਾਣਗੀਆਂ। ਇਸ ਪਲੇਟਫ਼ਾਰਮ ਰਾਹੀਂ ਡਾਕਟਰੀ ਅਤੇ ਮੈਡੀਸਨ ਦੀ ਘਾਟ ਸੰਬੰਧੀ ਨਾਗਰਿਕਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਕੀਤਾ ਜਾਵੇਗਾ|
- 50 ਬੱਸਾਂ ਦਾ ਫਲੀਟ ਸ਼ੁਰੂ ਕੀਤਾ ਜਾਵੇਗਾ ਜੋ ਸ਼ੁਰੂਆਤੀ ਪੜਾਅ ਵਿੱਚ ਦਿਲ ਦੀਆਂ ਬਿਮਾਰੀਆਂ ਅਤੇ ਕੈਂਸਰ ਦਾ ਪਤਾ ਲਗਾਉਣ ਦੀ ਸਹੂਲਤ ਪ੍ਰਦਾਨ ਕਰੇਗਾ|

## ਸਸ਼ਕਤ ਨਾਰੀ

- Contractual ਨੌਕਰੀਆਂ ਸਮੇਤ ਸਾਰੀਆਂ ਸਰਕਾਰੀ ਨੌਕਰੀਆਂ ਵਿੱਚ ਔਰਤਾਂ ਲਈ 35% ਰਾਖਵਾਂਕਰਨ ਯਕੀਨੀ ਬਣਾਇਆ ਜਾਵੇਗਾ।
- ਔਰਤਾਂ ਵਿਰੁੱਧ ਕਿਸੇ ਵੀ ਤਰ੍ਹਾਂ ਦੀ ਹਿੰਸਾ, ਉਤਪੀੜਨ ਅਤੇ ਅੱਤਿਆਚਾਰ ਨਾਲ ਨਜਿੱਠਣ ਲਈ ਫਾਸਟ ਟਰੈਕ ਅਦਾਲਤਾਂ ਦੀ ਸਥਾਪਨਾ ਕੀਤੀ ਜਾਵੇਗੀ।
- ਪ੍ਰਵਾਸੀ ਨਾਗਰਿਕਾਂ ਵੱਲੋਂ ਸਤਾਈਆਂ ਗਈਆਂ ਨਵ ਵਿਵਾਹਿਤ ਔਰਤਾਂ ਦੀਆਂ ਸਮੱਸਿਆਵਾਂ ਦੇ ਨਿਪਟਾਰੇ ਲਈ ਵਿਸ਼ੇਸ਼ ਵਿਵਸਥਾ ਅਤੇ ਕਾਨੂੰਨ ਬਣਾਇਆ ਜਾਵੇਗਾ।
- Contractual ਮਹਿਲਾ ਮੁਲਾਜ਼ਮਾਂ ਨੂੰ ਵੀ ਦੋ ਸਾਲ ਦੀ ਮੈਟ੍ਰਨਿਟੀ ਛੁੱਟੀ ਦਿੱਤੀ ਜਾਵੇਗੀ।
- ਸੂਬੇ ਵਿੱਚ ਭਰੂਣ ਹੱਤਿਆ ਨੂੰ ਪੂਰੀ ਤਰ੍ਹਾਂ ਰੋਕਣ ਲਈ ਪ੍ਰੀ-ਕੰਸੇਪਸ਼ਨ ਐਂਡ ਪ੍ਰੀ-ਨੈਟਲ ਡਾਇਗਨੌਸਟਿਕ ਟੈਕਨੀਕ ਐਕਟ (ਪੀ.ਐਨ.ਡੀ.ਟੀ ਐਕਟ) ਨੂੰ

ਸਖ਼ਤੀ ਨਾਲ ਲਾਗੂ ਕੀਤਾ ਜਾਵੇਗਾ।

- ਆਂਗਣਵਾੜੀ ਵਰਕਰਾਂ ਦਾ ਮਾਣ ਭੱਤਾ ਵਧਾ ਕੇ 10,000 ਰੁਪਏ ਪ੍ਰਤੀ ਮਹੀਨਾ ਅਤੇ ਆਂਗਣਵਾੜੀ ਹੈਲਪਰਾਂ ਅਤੇ ਆਸ਼ਾ ਵਰਕਰਾਂ ਦਾ 6000 ਰੁਪਏ ਪ੍ਰਤੀ ਮਹੀਨਾ ਕੀਤਾ ਜਾਵੇਗਾ। ਆਂਗਣਵਾੜੀ ਅਤੇ ਆਸ਼ਾ ਵਰਕਰਾਂ ਨੂੰ 1.5 ਲੱਖ ਰੁਪਏ ਤੱਕ ਦੇ ਰਿਟਾਇਰਮੈਂਟ ਲਾਭ ਵੀ ਦਿੱਤੇ ਜਾਣਗੇ।
- ਔਰਤਾਂ ਦੀ ਮਲਕੀਅਤ ਵਾਲੇ ਛੋਟੇ ਕਾਰੋਬਾਰਾਂ ਅਤੇ ਔਰਤਾਂ ਦੇ ਨਾਂ 'ਤੇ ਖੇਤੀ ਵਾਲੀ ਜ਼ਮੀਨ ਖਰੀਦਣ ਲਈ 10 ਲੱਖ ਰੁਪਏ ਤੱਕ ਦੇ ਸਬਸਿਡੀ ਅਤੇ ਜਮਾਂ-ਮੁਕਤ ਕਰਜ਼ੇ ਦਿੱਤੇ ਜਾਣਗੇ।
- ਹਰ ਬਲਾਕ ਵਿੱਚ ਹੁਨਰ ਵਿਕਾਸ ਅਤੇ ਉੱਦਮੀ ਸਿਖਲਾਈ ਕੇਂਦਰ ਸਥਾਪਿਤ ਕੀਤੇ ਜਾਣਗੇ ਅਤੇ ਸਾਰੀਆਂ ਨਾਮਜ਼ਦ ਔਰਤਾਂ ਨੂੰ ਮੁਫ਼ਤ ਸਟਾਰਟ-ਅੱਪ ਕਿੱਟਾਂ ਪ੍ਰਦਾਨ ਕੀਤੀਆਂ ਜਾਣਗੀਆਂ।
- ਹਿੰਸਾ ਤੋਂ ਪ੍ਰਭਾਵਿਤ ਔਰਤਾਂ ਨੂੰ ਲੋੜੀਂਦੀ ਸਹਾਇਤਾ ਪ੍ਰਦਾਨ ਕਰਨ ਲਈ ਸਾਰੇ ਜ਼ਿਲ੍ਹਿਆਂ ਵਿੱਚ ਵਨ-ਸਟਾਪ ਸੈਂਟਰਾਂ ਨੂੰ ਸਾਰੀਆਂ ਲੋੜੀਂਦੀਆਂ ਸਹੂਲਤਾਂ ਨਾਲ ਅਪਗ੍ਰੇਡ ਕੀਤਾ ਜਾਵੇਗਾ।

## ਖੇਡਾਂ ਦਾ ਵਿਕਾਸ

- 'ਖੇਡਦਾ ਪੰਜਾਬ' ਦੇ ਅਧੀਨ ਕੌਮਾਂਤਰੀ ਖਿਡਾਰੀ ਤਿਆਰ ਕਰਨ ਲਈ ਜਿੱਥੇ "Sports Resurgence Mission" ਸ਼ੁਰੂ ਕੀਤਾ ਜਾਵੇਗਾ ਉੱਥੇ ਸਰਕਾਰੀ ਸਕੂਲਾਂ ਅਤੇ ਕਾਲਜਾਂ ਵਿੱਚ ਖੇਡਾਂ ਦੇ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕੀਤਾ ਜਾਵੇਗਾ।
- ਸਾਰੇ ਜ਼ਿਲ੍ਹਾ ਹੈਡਕੁਆਰਟਰਾਂ 'ਤੇ ਆਧੁਨਿਕ ਸਹੂਲਤਾਂ ਵਾਲੇ ਖੇਡ ਸਟੇਡੀਅਮ ਬਣਾ ਕੇ ਉਨ੍ਹਾਂ 'ਚ ਪੂਰਾ ਸਾਲ ਚਲਣ ਵਾਲੇ ਸਵਿਮਿੰਗ ਪੂਲ, ਸਟੈਂਡਰਡ ਐਥਲੈਟਿਕ ਟਰੈਕ, ਸਿੰਥੈਟਿਕ ਮੈਦਾਨ ਤਿਆਰ ਕਰਕੇ ਦਿੱਤੇ ਜਾਣਗੇ।
- ਸਵ: ਮਿਲਖਾ ਸਿੰਘ ਜੀ ਦੇ ਨਾਮ 'ਤੇ ਖੇਡ ਯੂਨੀਵਰਸਿਟੀ ਬਣਾਈ ਜਾਵੇਗੀ ਅਤੇ ਮਾਝੇ ਤੇ ਦੋਆਬੇ ਵਿੱਚ SAI ਟਰੇਨਿੰਗ ਕੇਂਦਰਾਂ ਦਾ ਨਿਰਮਾਣ ਕੀਤਾ ਜਾਵੇਗਾ।
- ਮਹਿਲਾ ਖਿਡਾਰੀਆਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਕਰਨ ਲਈ ਸਥਾਨਕ ਪੱਧਰ ਦੀਆਂ ਕਮੇਟੀਆਂ ਦਾ ਗਠਨ ਕੀਤਾ ਜਾਵੇਗਾ।
- ਜਲੰਧਰ ਨੂੰ ਭਾਰਤ ਦੀ 'ਖੇਡ ਰਾਜਧਾਨੀ' ਬਣਾਉਣ ਲਈ ਸ: ਊਧਮ ਸਿੰਘ ਜੀ ਦੇ ਨਾਮ 'ਤੇ ਕੌਮਾਂਤਰੀ ਪੱਧਰ ਦਾ ਹਾਕੀ ਸਟੇਡੀਅਮ, ਫੁੱਟਬਾਲ ਟਰੈਕ ਅਤੇ ਫ਼ੀਲਡ ਮੁਕਾਬਲਿਆਂ ਲਈ ਅਥਲੈਟਿਕ ਸਟੇਡੀਅਮ ਬਣਾਏ ਜਾਣਗੇ।
- ਖਿਡਾਰੀਆਂ ਲਈ ਹਰ ਜ਼ਿਲ੍ਹੇ ਵਿੱਚ ਖੇਡ ਹੋਸਟਲ ਬਣਾ ਕੇ ਉਨ੍ਹਾਂ ਨੂੰ ਬਿਹਤਰ ਰਿਹਾਇਸ਼ ਅਤੇ ਖਾਣ-ਪੀਣ ਦੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ।
- ਖਿਡਾਰੀਆਂ ਨੂੰ ਉਤਸ਼ਾਹਿਤ ਕਰਨ ਲਈ ਸਰਕਾਰੀ ਸਕੂਲਾਂ ਅਤੇ ਰਜਿਸਟਰਡ ਕਲੱਬਾਂ ਵਿਚ ਸਪੋਰਟਸ ਕਿੱਟਾਂ ਮੁਫ਼ਤ ਦਿੱਤੀਆਂ ਜਾਣਗੀਆਂ।
- ਕੌਮਾਂਤਰੀ ਪੱਧਰ ਦੇ ਹਾਕੀ ਦੇ ਖਿਡਾਰੀ ਤਿਆਰ ਕਰਨ ਲਈ ਕੌਮਾਂਤਰੀ ਪੱਧਰ ਦੀਆਂ ਹੀ ਸਹੂਲਤਾਂ

| ਲੜੀ ਨੰ. | ਮੁਕਾਬਲੇ | ਗੋਲਡ ਮੈਡਲ | ਸਿਲਵਰ ਮੈਡਲ | ਕਾਂਸਾ ਮੈਡਲ | ਪ੍ਰਤੀਯੋਗੀ |
|---|---|---|---|---|---|
| 1 | ਉਲੰਪਿੰਕ /ਪੈਰਾ ਉਲੰਪਿੰਕ | 6 ਕਰੋੜ | 4 ਕਰੋੜ | 2.5 ਕਰੋੜ | 15 ਲੱਖ |
| 2 | ਏਸ਼ੀਅਨ / ਪੈਰਾ ਏਸ਼ੀਅਨ ਖੇਡਾਂ | 3 ਕਰੋੜ | 1.5 ਕਰੋੜ | 75 ਲੱਖ | 7.5 ਲੱਖ |
| 3 | ਕੌਮਨਵੈੱਲਥ ਖੇਡਾਂ / ਪੈਰਾ ਕੌਮਨਵੈੱਲਥ | 1.5 ਕਰੋੜ | 75 ਲੱਖ | 50 ਲੱਖ | 7.5 ਲੱਖ |
| 4 | ਵਰਲਡ ਕੱਪ (ਚਾਰ ਸਾਲਾਂ ਵਿਚ ਇਕ ਵਾਰ) ਪੈਰਾ ਵਰਲਡ ਕੱਪ | 1.5 ਕਰੋੜ | 75 ਲੱਖ | 50 ਲੱਖ | 7.5 ਲੱਖ |
| 5 | ਨੈਸ਼ਨਲ ਖੇਡਾਂ / ਪੈਰਾ ਨੈਸ਼ਨਲ ਖੇਡਾਂ | 5 ਲੱਖ | 3 ਲੱਖ | 2 ਲੱਖ | - |
| 6 | ਰਾਜ ਪੱਧਰੀ ਖੇਡਾਂ | 21,000 | 10,000 | 5,000 | - |

ਦਿੱਤੀਆਂ ਜਾਣਗੀਆਂ।

- ਮਹੱਤਵਪੂਰਨ ਅੰਤਰ ਰਾਸ਼ਟਰੀ ਅਤੇ ਰਾਸ਼ਟਰੀ ਖੇਡਾਂ ਵਿਚ ਮੈਡਲ ਜਿੱਤਣ ਵਾਲੇ ਖਿਡਾਰੀਆਂ ਨੂੰ ਦਿੱਤੀ ਜਾਣ ਵਾਲੀ ਨਗਦ ਇਨਾਮ ਦੀ ਰਕਮ ਨੂੰ ਹਰਿਆਣਾ ਦੇ ਬਰਾਬਰ ਲਿਆਂਦਾ ਜਾਵੇਗਾ।

## ਪੰਜਾਬੀਅਤ ਦਾ ਮਾਣ

- ਕਲਾ ਅਤੇ ਸੱਭਿਆਚਾਰ ਨੂੰ ਵਿਸ਼ਵ ਭਰ ਵਿੱਚ ਪ੍ਰਫੁੱਲਿਤ ਕਰਨ ਲਈ “ਪੰਜਾਬੀ ਵਿਰਸੇ ਦੀ ਸੰਭਾਲ” ਪ੍ਰੋਜੈਕਟ ਸ਼ੁਰੂ ਕੀਤਾ ਜਾਵੇਗਾ।
- ਪੰਜਾਬ ਦੇ ਸਾਰੇ ਧਾਰਮਿਕ ਸਥਾਨਾਂ ਦੇ ਨਵੀਨੀਕਰਨ ਅਤੇ ਮੁਰੰਮਤ ਲਈ ਵਿੱਤੀ ਸਹਾਇਤਾ ਦਿੱਤੀ ਜਾਵੇਗੀ।
- ਰਵਾਇਤੀ ਤੇ ਪਰੰਪਰਾਗਤ ਕਾਰੋਬਾਰਾਂ ਨੂੰ ਵਿੱਤੀ ਰਿਆਇਤਾਂ ਦਿੱਤੀਆਂ ਜਾਣਗੀਆਂ ਜਿਸ ਵਿਚ ਫੁਲਕਾਰੀ, ਪੰਜਾਬੀ ਜੁੱਤੀਆਂ, ਲੋਕ ਖਿਡੌਣੇ, ਲੱਕੜ ਦੇ ਕੰਮ ਆਦਿ ਨਾਲ ਜੁੜੇ ਉਦਯੋਗਾਂ ਨੂੰ ਉਤਸ਼ਾਹਿਤ ਕੀਤਾ ਜਾਵੇਗਾ।
- ਕਲਾਕਾਰਾਂ ਨੂੰ ਉਤਸ਼ਾਹਿਤ ਕਰਨ ਲਈ 'ਪੰਜਾਬ ਕਲਚਰਲ ਯੂਨੀਵਰਸਿਟੀ' ਦੀ ਸਥਾਪਨਾ ਕੀਤੀ ਜਾਵੇਗੀ।
- ਪੰਜਾਬੀ ਸੰਗੀਤਕਾਰਾਂ, ਚਿੱਤਰਕਾਰਾਂ, ਲੇਖਕਾਂ ਅਤੇ ਕਵੀਆਂ ਲਈ ਮੁਫ਼ਤ ਸਿਹਤ ਬੀਮਾ ਯੋਜਨਾ ਸ਼ੁਰੂ ਕੀਤੀ ਜਾਵੇਗੀ।
- ਪੰਜਾਬੀ ਭਾਸ਼ਾ ਨੂੰ ਪ੍ਰਫੁੱਲਿਤ ਕਰਨ ਲਈ 'ਪੰਜਾਬੀ ਭਾਸ਼ਾ ਕਮਿਸ਼ਨ' ਦੀ ਸਥਾਪਨਾ ਕੀਤੀ ਜਾਵੇਗੀ। ਇੰਜੀਨੀਅਰਿੰਗ ਅਤੇ ਮੈਡੀਕਲ ਕੋਰਸ ਪੰਜਾਬੀ ਭਾਸ਼ਾ ਵਿੱਚ ਸ਼ੁਰੂ ਕੀਤੇ ਜਾਣਗੇ।
- ਪੰਜਾਬ ਵਿੱਚ ਦੇਵ ਭਾਸ਼ਾ ਸੰਸਕ੍ਰਿਤ ਨੂੰ ਪ੍ਰਫੁੱਲਿਤ ਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣਗੇ।
- ਪੰਜਾਬ ਦੇ ਸੰਗੀਤ ਅਤੇ ਫ਼ਿਲਮ ਉਦਯੋਗ ਨੂੰ ਉਤਸ਼ਾਹਿਤ ਕਰਨ ਲਈ ਹਰ ਸਾਲ ਰਾਸ਼ਟਰੀ ਪੱਧਰ ਦਾ "ਪੰਜਾਬੀ ਮਹੋਤਸਵ" ਮਨਾਇਆ ਜਾਵੇਗਾ। ਪੰਜਾਬੀ ਕਲਾਕਾਰਾਂ ਅਤੇ ਸਾਹਿਤਕਾਰਾਂ ਨੂੰ ਸਾਲਾਨਾ ਰਾਸ਼ਟਰੀ ਪੁਰਸਕਾਰ ਦਿੱਤਾ ਜਾਵੇਗਾ।

- ਪੰਜਾਬੀ ਸਾਹਿਤ ਨੂੰ ਪੂਰੀ ਤਰ੍ਹਾਂ ਸਮਰਪਿਤ ਇਕ ਵਿਸ਼ਵ ਪੱਧਰੀ ਲਾਇਬ੍ਰੇਰੀ ਦਾ ਨਿਰਮਾਣ ਕੀਤਾ ਜਾਵੇਗਾ।
- ਨਵੀਂ ਫ਼ਿਲਮ ਨੀਤੀ 2022 ਤਿਆਰ ਕਰਨ ਤੋਂ ਇਲਾਵਾ ਪੰਜਾਬ ਵਿੱਚ ਵਿਸ਼ਵ ਪੱਧਰੀ ਫ਼ਿਲਮ ਸਿਟੀ ਬਣਾਈ ਜਾਵੇਗੀ ਤਾਂ ਜੋ ਦੁਨੀਆ ਭਰ ਦੇ ਫ਼ਿਲਮ ਨਿਰਮਾਤਾਵਾਂ ਨੂੰ ਪੰਜਾਬ ਲਿਆਇਆ ਜਾ ਸਕੇ। ਪੰਜਾਬੀ ਫ਼ਿਲਮ ਇੰਡਸਟਰੀ ਨੂੰ ਪ੍ਰਫੁੱਲਿਤ ਕਰਨ ਲਈ ਨਵੀਆਂ ਫ਼ਿਲਮ ਸੰਸਥਾਵਾਂ ਵੀ ਸਥਾਪਿਤ ਕੀਤੀਆਂ ਜਾਣਗੀਆਂ।
- ਅਸੀਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਸਮੇਤ ਸਾਰੀਆਂ ਜ਼ਿਲਾ ਅਦਾਲਤਾਂ ਵਿੱਚ ਪੰਜਾਬੀ ਭਾਸ਼ਾ ਦੀ ਵਰਤੋਂ ਨੂੰ ਯਕੀਨੀ ਬਣਾਵਾਂਗੇ।

## ਸਭ ਦਾ ਸਾਥ ਸਭ ਦਾ ਵਿਕਾਸ

- SC/BC/EWS ਵਰਗ ਦੇ 50 ਹਜ਼ਾਰ ਰੁਪਏ ਤੱਕ ਦੇ ਸਾਰੇ ਬਕਾਇਆ ਕਰਜ਼ੇ ਮੁਆਫ਼ ਕੀਤੇ ਜਾਣਗੇ

## ਅਨੁਸੂਚਿਤ (SC) ਜਾਤੀ ਦੀ ਭਲਾਈ

- ਮਿਆਰੀ ਸਿੱਖਿਆ ਸਬਦਾ ਅਧਿਕਾਰ ਯੋਜਨਾ ਤਹਿਤ ਗ੍ਰੈਜੂਏਸ਼ਨ ਅਤੇ ਪੋਸਟ-ਗ੍ਰੈਜੂਏਸ਼ਨ ਕੋਰਸ ਕਰ ਰਹੇ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਨੂੰ ਮੁਫਤ ਹੋਸਟਲ ਦੀ ਸੁਵਿਧਾ ਦਿੱਤੀ ਜਾਵੇਗੀ।
- ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਨੂੰ ਪੋਸਟ ਮੈਟ੍ਰਿਕ ਸਕਾਲਰਸ਼ਿਪ ਦੇ ਬਕਾਏ ਦੀ ਅਦਾਇਗੀ ਲਈ ਰਾਜ ਦੇ ਬਜਟ ਵਿੱਚੋਂ ਫੰਡ ਮੁਹੱਈਆ ਕਰਵਾਇਆ ਜਾਵੇਗਾ।
- ਸਾਰੇ ਹੋਣਹਾਰ SC ਵਿਦਿਆਰਥੀਆਂ ਨੂੰ 2000 ਰੁਪਏ ਪ੍ਰਤੀ ਮਹੀਨਾ ਦੀ ਸਕਾਲਰਸ਼ਿਪ ਦਿੱਤੀ ਜਾਵੇਗੀ।
- ਕਾਲਜ/ਯੂਨੀਵਰਸਿਟੀ ਜਾਣ ਵਾਲੇ ਸਾਰੇ ਵਿਦਿਆਰਥੀਆਂ ਨੂੰ 2 ਪਹਿਆ ਵਾਹਨ ਲੋਨ ਤੇ 50 ਫੀਸਦੀ ਸਬਸਿਡੀ ਦਿੱਤੀ ਜਾਵੇਗੀ|
- ਛੋਟੇ ਕਾਰੋਬਾਰਾਂ ਅਤੇ ਸਟਾਰਟਅੱਪ ਨੂੰ ਉਤਸ਼ਾਹਿਤ ਕਰਨ ਲਈ ਆਰਥਿਕ ਤੌਰ 'ਤੇ ਕਮਜ਼ੋਰ ਅਨੁਸੂਚਿਤ ਜਾਤੀ ਦੀ ਆਬਾਦੀ ਨੂੰ 50 ਲੱਖ ਤੱਕ ਦੇ ਆਸਾਨ ਭੁਗਤਾਨ ਨਿਯਮਾਂ ਨਾਲ ਵਿਆਜ ਦਰ ਮੁਕਤ ਕਰਜ਼ਾ ਦਿੱਤਾ ਜਾਵੇਗਾ।
- ਅਨੁਸੂਚਿਤ ਜਾਤੀ ਦੇ ਨੌਜਵਾਨਾਂ ਨੂੰ ਉੱਦਮੀ ਅਤੇ ਹੁਨਰਮੰਦ ਬਣਾਉਣ ਲਈ ਵਿਸ਼ੇਸ਼ ਕੌਸ਼ਲ ਕੇਂਦਰ ਸਥਾਪਿਤ ਕੀਤੇ ਜਾਣਗੇ।
- ਸਰਕਾਰੀ ਨੌਕਰੀਆਂ ਵਿੱਚ ਸਾਰੀ SC ਅਸਾਮੀਆਂ ਦਾ ਬੈਕਲਾਗ ਜਲਦੀ ਪੂਰਾ ਕੀਤਾ ਜਾਵੇਗਾ।
- ਵਿਲੇਜ ਕਾਮਨ ਲੈਂਡ (ਰੈਗੂਲੇਸ਼ਨ) ਐਕਟ 1961 ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਵੇਗਾ ਅਤੇ ਬੇਜ਼ਮੀਨੇ ਅਨੁਸੂਚਿਤ ਜਾਤੀਆਂ ਨੂੰ ਸਾਂਝੀਆਂ ਅਤੇ ਪੰਚਾਇਤੀ ਜ਼ਮੀਨਾਂ ਅਲਾਟ ਕੀਤੀਆਂ ਜਾਣਗੀਆਂ।
- ਛੋਟੇ ਅਤੇ ਦਰਮਿਆਨੇ ਕਿਸਾਨਾਂ ਲਈ ਪਿੰਡਾਂ ਦੀਆਂ ਸਾਂਝੀਆਂ ਜ਼ਮੀਨਾਂ 'ਤੇ ਟਿਊਬਵੈੱਲ ਲਗਾਏ ਜਾਣਗੇ।
- ਸਹਿਕਾਰੀ ਬੈਂਕਾਂ ਅਤੇ ਸੋਸਾਇਟੀਆਂ ਦੀ ਮਦਦ

ਰਾਹੀਂ ਸਰਕਾਰ ਟਰੈਕਟਰਾਂ ਅਤੇ ਹੋਰ ਆਧੁਨਿਕ ਮਸ਼ੀਨਾਂ ਦੀ ਮੁਫਤ ਵਰਤੋਂ ਦੀ ਸਹੂਲਤ ਲਈ ਫੰਡ ਮੁਹੱਈਆ ਕਰਵਾਏ ਜਾਣਗੇ।

- ਅਰਜ਼ੀ ਦੇ 15 ਦਿਨਾਂ ਦੇ ਅੰਦਰ ਜਨਮ ਸਰਟੀਫਿਕੇਟ ਅਤੇ ਜਾਤੀ ਸਰਟੀਫਿਕੇਟ ਜਾਰੀ ਕਰਨ ਦਾ ਪ੍ਰਬੰਧ ਕੀਤਾ ਜਾਵੇਗਾ।
- ਆਰਥਿਕ ਤੌਰ 'ਤੇ ਕਮਜ਼ੋਰ ਅਨੁਸੂਚਿਤ ਜਾਤੀ ਦੇ ਪਰਿਵਾਰਾਂ ਨੂੰ ਅਦਾਲਤੀ ਮਾਮਲਿਆਂ ਵਿੱਚ ਨੁਮਾਇੰਦਗੀ ਲਈ ਮੁਫਤ ਕਾਨੂੰਨੀ ਸਹਾਇਤਾ ਦਿੱਤੀ ਜਾਵੇਗੀ।
- ਅਨੁਸੂਚਿਤ ਜਾਤੀ ਪਰਿਵਾਰਾਂ ਦੀ ਭਲਾਈ ਅਤੇ ਸਰਬਪੱਖੀ ਵਿਕਾਸ ਲਈ ਅਨੁਸੂਚਿਤ ਜਾਤੀ ਵਿਕਾਸ ਬੋਰਡ ਦੀ ਸਥਾਪਨਾ ਕੀਤੀ ਜਾਵੇਗੀ|

## ਪੱਛੜੀ ਸ਼੍ਰੇਣੀਆਂ (BC) ਦੀ ਭਲਾਈ

- ਪੰਜਾਬ ਪੱਛੜੀ ਸ਼੍ਰੇਣੀਆਂ ਕਮਿਸ਼ਨ ਨੂੰ ਸੰਵਿਧਾਨਕ ਦਰਜਾ ਦਿੱਤਾ ਜਾਵੇਗਾ।
- ਵੱਖ-ਵੱਖ ਸ਼ਾਸਨ/ਪ੍ਰਸ਼ਾਸਕੀ ਅਹੁਦਿਆਂ,ਪੰਚਾਇਤਾਂ ਅਤੇ ਹੋਰ ਸਥਾਨਕ ਸੰਸਥਾਵਾਂ ਵਿੱਚ ਪੱਛੜੀ ਸ਼੍ਰੇਣੀਆਂ ਦੀ ਨੁਮਾਇੰਦਗੀ ਨੂੰ ਵਧਾਇਆ ਜਾਵੇਗਾ।
- ਪੋਸਟ-ਮੈਟ੍ਰਿਕ ਸਕਾਲਰਸ਼ਿਪ ਸਕੀਮ ਦਾ ਲਾਭ ਪੱਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਨੂੰ ਵੀ ਦਿੱਤਾ ਜਾਵੇਗਾ।
- ਸਰਕਾਰੀ ਨੌਕਰੀਆਂ ਵਿੱਚ ਪਛੜੀਆਂ ਸ਼੍ਰੇਣੀਆਂ ਦੀਆਂ ਅਸਾਮੀਆਂ ਦਾ ਬੈਕਲਾਗ ਜ਼ਲਦੀ ਪੂਰਾ ਕੀਤਾ ਜਾਵੇਗਾ।
- ਅਰਜ਼ੀ ਦੇ 15 ਦਿਨਾਂ ਦੇ ਅੰਦਰ ਹੀ ਜਨਮ ਸਰਟੀਫਿਕੇਟ ਅਤੇ ਜਾਤੀ ਸਰਟੀਫਿਕੇਟ ਜਾਰੀ ਕਰਨ ਦੀ ਵਿਵਸਥਾ ਕੀਤੀ ਜਾਵੇਗੀ।
- ਪਛੜੀਆਂ ਸ਼੍ਰੇਣੀਆਂ ਦੇ ਪਰਿਵਾਰਾਂ ਦੇ ਸਰਵਪੱਖੀ ਵਿਕਾਸ ਨੂੰ ਯਕੀਨੀ ਬਣਾਉਣ ਲਈ ਸਾਰੀਆਂ ਮੌਜੂਦਾ ਭਲਾਈ ਸਕੀਮਾਂ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ।

## ਆਰਥਿਕ ਤੌਰ 'ਤੇ ਕਮਜ਼ੋਰ ਵਰਗ ਦੀ ਭਲਾਈ

- ਪੱਕੀ ਛੱਤ-ਹਰ ਇਕ ਦਾ ਹੱਕ (ਸਭ ਲਈ ਰਿਹਾਇਸ਼) ਯੋਜਨਾ ਤਹਿਤ ਸਾਰੇ EWS ਪਰਿਵਾਰਾਂ ਨੂੰ ਪੱਕੇ ਮਕਾਨ ਦਿਤੇ ਜਾਣਗੇ|
- ਸੂਬੇ ਭਰ ਵਿੱਚ ਗੁਰੂ ਕ੍ਰਿਪਾ ਕੰਟੀਨ ਸਥਾਪਿਤ ਕੀਤੀਆਂ ਜਾਣਗੀਆਂ ਜਿਸ ਵਿੱਚ 5 ਰੁਪਏ ਤੇ ਪੌਸ਼ਟਿਕ ਭੋਜਨ ਮੁਹੱਈਆ ਕਰਵਾਇਆ ਜਾਵੇਗਾ ।
- ਸਾਰੇ ਲੋੜਵੰਦ ਪਰਿਵਾਰਾਂ ਨੂੰ ਆਟਾ-ਦਾਲ ਸਕੀਮ (ਨੀਲਾ ਕਾਰਡ) ਅਧੀਨ ਕਵਰ ਕੀਤਾ ਜਾਵੇਗਾ।
- ਆਰਥਿਕ ਤੌਰ 'ਤੇ ਕਮਜ਼ੋਰ ਵਰਗ ਦੇ ਆਮ ਕੈਟੇਗਰੀ ਵਿਦਿਆਰਥੀਆਂ ਲਈ ਪੋਸਟ-ਮੈਟ੍ਰਿਕ ਸਕਾਲਰਸ਼ਿਪ ਸਕੀਮ ਸ਼ੁਰੂ ਕੀਤੀ ਜਾਵੇਗਾ।
- EWS ਵੈਲਫੇਅਰ ਟਾਸਕ ਫੋਰਸ ਦਾ ਗਠਨ ਕੀਤਾ ਜਾਵੇਗਾ ਅਤੇ 10% EWS ਰਿਜ਼ਰਵੇਸ਼ਨ ਨੂੰ ਸਖਤੀ ਨਾਲ ਲਾਗੂ ਕੀਤਾ ਜਾਵੇਗਾ ।
- ਛੋਟੇ ਕਾਰੋਬਾਰ ਲਗਾਉਣ ਲਈ 20 ਲੱਖ ਰੁਪਏ ਤੱਕ ਦੇ ਵਿਆਜ ਮੁਕਤ ਕਰਜੇ ਦਿੱਤੇ ਜਾਣਗੇ|

## ਸਰਕਾਰੀ ਕਰਮਚਾਰੀ

- ਸਾਬਕਾ ਸਰਕਾਰ ਵੱਲੋਂ ਸਰਕਾਰੀ ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਅਧਿਆਪਕਾਂ ਦੀਆਂ ਤਨਖ਼ਾਹਾਂ ਨੂੰ U.G.C. ਦੇ ਤਨਖ਼ਾਹ ਢਾਂਚੇ ਨਾਲੋਂ ਲਹਿਜਾ ਕਰਨ ਦਾ ਫ਼ੈਸਲਾ ਵਾਪਸ ਲਿੱਤਾ ਜਾਵੇਗਾ।
- U.G.C. ਦੇ 7ਵੇਂ ਤਨਖਾਹ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਨੂੰ ਜਲਦੀ ਤੋਂ ਜਲਦੀ ਲਾਗੂ ਕੀਤਾ ਜਾਵੇਗਾ।
- ਹਰਿਆਣਾ ਸਰਕਾਰ ਦੀ ਤਰਜ਼ 'ਤੇ ਪ੍ਰੋਬੇਸ਼ਨ ਪੀਰੀਅਡ ਦੌਰਾਨ ਕਰਮਚਾਰੀਆਂ ਨੂੰ ਪੂਰੀ ਤਨਖਾਹ ਦਿੱਤੀ ਜਾਵੇਗੀ।
- ਸਾਰੇ ਸਰਕਾਰੀ ਕਰਮਚਾਰੀਆਂ ਨੂੰ ਮਹਿੰਗਾਈ ਭੱਤੇ ਦਾ ਬਕਾਇਆ ਜਲਦੀ ਤੋਂ ਜਲਦੀ ਜਾਰੀ ਕੀਤਾ ਜਾਵੇਗਾ।
- ਭ੍ਰਿਸ਼ਟਾਚਾਰ ਅਤੇ ਸਿਆਸੀ ਦਖਲਅੰਦਾਜ਼ੀ ਤੋਂ ਮੁਕਤ, ਪਾਰਦਰਸ਼ੀ ਤਬਾਦਲਾ ਨੀਤੀ ਬਣਾਈ ਜਾਵੇਗੀ|
- ਪੋਸਟਿੰਗ ਲਈ ਘਰੇਲੂ ਜ਼ਿਲ੍ਹਿਆਂ ਨੂੰ ਚੁਣਨ ਦੇ ਅਧਿਕਾਰ ਵਿੱਚ ਮਹਿਲਾ ਸਰਕਾਰੀ ਕਰਮਚਾਰੀਆਂ ਨੂੰ ਪ੍ਰਾਥਮਿਕਤਾ ਦਿੱਤੀ ਜਾਵੇਗੀ।

## ਵਪਾਰੀ

- ਛੋਟੇ ਕਾਰੋਬਾਰੀਆਂ ਅਤੇ ਵਪਾਰੀਆਂ ਦਾ ਪ੍ਰਾਪਰਟੀ ਟੈਕਸ ਸਮੇਤ ਕਾਰਪੋਰੇਟ ਟੈਕਸ ਮਾਫ਼ ਕੀਤਾ ਜਾਵੇਗੀ।
- 60 ਸਾਲ ਤੋਂ ਵੱਧ ਉਮਰ ਦੇ ਛੋਟੇ ਅਤੇ ਦਰਮਿਆਨੇ ਰਿਟੇਲਰਾਂ ਲਈ ਪੈਨਸ਼ਨ ਪ੍ਰੋਗਰਾਮ ਸ਼ੁਰੂ ਕੀਤਾ ਜਾਵੇਗਾ।
- ਕੋਵਿਡ-19 ਮਹਾਮਾਰੀ ਦੌਰਾਨ ਹੋਏ ਨੁਕਸਾਨ ਤੋਂ ਸਹਾਇਤਾ ਲਈ ਛੋਟੇ ਕਾਰੋਬਾਰੀਆਂ ਨੂੰ ਸਬਸਿਡੀ ਤੇ ਕਰਜ਼ੇ ਮੁਹੱਈਆ ਕਰਵਾਏ ਜਾਣਗੇ|
- ਪੰਜਾਬ 'ਚ ਵਪਾਰੀਆਂ ਦੀ ਮਦਦ ਲਈ ਵਪਾਰੀ ਦੁਰਘਟਨਾ ਬੀਮਾ ਯੋਜਨਾ ਅਤੇ ਵਪਾਰੀ ਨੁਕਸਾਨ ਬੀਮਾ ਯੋਜਨਾ ਸ਼ੁਰੂ ਕੀਤੀ ਜਾਵੇਗੀ।
- ਕੋਵਿਡ-19 ਦੌਰਾਨ ਛੋਟੇ ਕਾਰੋਬਾਰਾਂ ਦੁਆਰਾ ਅਦਾ ਕੀਤੇ ਬਿਜਲੀ ਦੇ ਬਿੱਲ ਵਾਪਸ ਕੀਤੇ ਜਾਣਗੇ|
- ਕੋਵਿਡ-19 ਦੌਰਾਨ ਕਾਰੋਬਾਰਾਂ ਦੁਆਰਾ ਅਦਾ ਕੀਤੇ ਪ੍ਰਾਪਰਟੀ ਟੈਕਸ ਦੀ ਵਾਪਸੀ ਕੀਤੀ ਜਾਵੇਗੀ|

## ਮਜ਼ਦੂਰ ਅਤੇ ਸਫ਼ਾਈ ਕਰਮਚਾਰੀ

- ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ।
- ਡੀਸੀ ਰੇਟ 'ਤੇ ਕਾਮ ਕਰ ਰਹੇ ਸਫ਼ਾਈ ਕਰਮਚਾਰੀਆਂ ਦੀਆਂ ਸੇਵਾਵਾਂ ਨੂੰ ਰੈਗੂਲਰ ਕੀਤਾ ਜਾਵੇਗਾ।
- ਪ੍ਰਧਾਨ ਮੰਤਰੀ ਜੀਵਨ ਜਯੋਤੀ ਬੀਮਾ ਯੋਜਨਾ (PMJJBY) ਦੇ ਤਹਿਤ ਸਾਰੇ ਸਫ਼ਾਈ ਕਰਮਚਾਰੀਆਂ ਨੂੰ ਮੁਫ਼ਤ 2 ਲੱਖ ਦਾ ਜੀਵਨ ਬੀਮਾ ਦਿੱਤਾ ਜਾਵੇਗਾ।
- ਸੂਬੇ ਦੇ ਸਾਰੇ ਮਜ਼ਦੂਰਾਂ ਅਤੇ ਸਫਾਈ ਕਰਮਚਾਰੀਆਂ ਨੂੰ ਅਟਲ ਪੈਨਸ਼ਨ ਯੋਜਨਾ ਦਾ ਫ੍ਰੀ ਲਾਭ ਦਿੱਤਾ ਜਾਵੇਗਾ।
- ਸਕੂਲ ਨਾਂ ਜਾ ਸਕਣ ਵਾਲੇ ਭੱਠਾ ਅਤੇ ਹੋਰ ਮਜ਼ਦੂਰਾਂ ਦੇ ਬੱਚਿਆਂ ਲਈ ਸਕੂਲ ਆਨ ਵ੍ਹੀਲਜ਼ ਰਾਹੀਂ ਮੁਫ਼ਤ ਅਤੇ ਬੇਹਤਰ ਸਿੱਖਿਆ ਦਿਤੀ ਜਾਵੇਗੀ ।
- ਸੂਬੇ ਦੇ ਸਾਰੇ ਮਜਦੂਰਾਂ ਲਈ ਕਿੱਤਾਮੁਖੀ ਬਿਮਾਰੀਆਂ

(Occupational Diseases) ਲਈ ਵਿਸ਼ੇਸ਼ ਮੁਫਤ ਮੈਡੀਕਲ ਸਿਹਤ ਕੈਂਪ ਲਗਾਏ ਜਾਣਗੇ।

- ਮਾਂ ਅਤੇ ਨਵਜੰਮੇ ਬੱਚਿਆਂ ਦੀ Prenatal ਤੇ Postnatal ਦੇਖਭਾਲ ਲਈ ਪੋਸ਼ਣ ਸੰਬੰਧੀ ਕਿੱਟਾਂ ਦਿੱਤੀਆਂ ਜਾਣਗੀਆਂ।
- ਪੰਜਾਬ ਰਾਜ ਸਫ਼ਾਈ ਕਰਮਚਾਰੀ ਕਮਿਸ਼ਨ ਵੱਲੋਂ ਉਠਾਏ ਗਏ ਮੁੱਦਿਆਂ ਨੂੰ ਪਹਿਲ ਤੇ ਹੱਲ ਕੀਤਾ ਜਾਵੇਗਾ।

## ਰੇਹੜੀ ਅਤੇ ਫੜੀ ਵਾਲਿਆਂ ਦੀ ਭਲਾਈ

- ਰੇਹੜੀ ਅਤੇ ਫੜੀ ਵਾਲਿਆਂ ਦੇ ਮਾਨ ਅਤੇ ਰੋਜ਼ੀ-ਰੋਟੀ ਦੀ ਰਾਖੀ ਲਈ ਪੰਜਾਬ ਸਟ੍ਰੀਟ ਵੈਂਡਰ ਪਾਲਿਸੀ ਜਲਦੀ ਤੋਂ ਜਲਦੀ ਬਣਾਕੇ ਲਾਗੂ ਕੀਤੀ ਜਾਵੇਗੀ।
- ਕੋਵਿਡ -19 ਲੌਕਡਾਊਨ ਕਾਰਨ ਪ੍ਰਭਾਵਿਤ ਹੋਏ ਸਟਰੀਟ ਵਿਕਰੇਤਾਵਾਂ ਨੂੰ ਪ੍ਰਧਾਨ ਮੰਤਰੀ ਸਵਨਿਧੀ ਯੋਜਨਾ ਦੇ ਤਹਿਤ working capital loan ਦਿੱਤੇ ਜਾਣਗੇ ਅਤੇ ਕਾਰੋਬਾਰ ਦੁਬਾਰਾ ਸ਼ੁਰੂ ਕਰਨ ਵਿਚ ਮਦਦ ਦਿੱਤੀ ਜਾਵੇਗੀ।
- ਸਟ੍ਰੀਟ ਵਿਕਰੇਤਾਵਾਂ ਦੇ ਮੁੱਦਿਆਂ ਅਤੇ ਸਮੱਸਿਆਵਾਂ ਨਾਲ ਨਜਿੱਠਣ ਲਈ ਟਾਊਨ/ਵਾਰਡ ਵੈਂਡਿੰਗ ਕਮੇਟੀ ਬਨਾਈ ਜਾਵੇਗੀ | ਜਿਸ ਵਿਚ 40% ਸਟ੍ਰੀਟ ਵਿਕਰੇਤਾ ਦੀ ਨੁਮਾਇੰਦਗੀ ਦੀ ਵਿਵਸਥਾ ਰੱਖੀ ਜਾਵੇਗੀ।

## ਸਾਬਕਾ ਫੌਜੀ

- ਸੂਬੇ ਦੇ ਸਾਬਕਾ ਸੈਨਿਕਾਂ ਲਈ ਵਿਭਾਗਾਂ ਵਿੱਚ ਸਾਰੀਆਂ ਰਾਖਵੀਂਆਂ ਖਾਲੀ ਅਸਾਮੀਆਂ ਨੂੰ ਜਲਦੀ ਭਰਿਆ ਜਾਵੇਗਾ।
- ਸਾਬਕਾ ਸੈਨਿਕਾਂ ਦੀਆਂ ਕਾਨੂੰਨੀ ਖੇਤਰ ਸੰਬੰਧੀ ਸਮੱਸਿਆਵਾਂ ਅਤੇ ਮੁੱਦਿਆਂ ਨੂੰ ਹੱਲ ਕਰਨ ਲਈ ਇੱਕ ਵਿਸ਼ੇਸ਼ ਸੈੱਲ ਅਤੇ ਸਿੰਗਲ ਵਿੰਡੋ ਦੀ ਸਥਾਪਨਾ ਕੀਤੀ ਜਾਵੇਗੀ।
- ਸਾਬਕਾ ਸੈਨਿਕਾਂ ਨੂੰ ਰਾਜ ਵਿੱਚ ਟੋਲ ਟੈਕਸ ਫ੍ਰੀ ਕੀਤਾ ਜਾਵੇਗਾ।
- ਆਪਣੇ ਦੇਸ਼ ਲਈ ਕੁਰਬਾਨੀ ਦੇਣ ਵਾਲੇ ਸਾਰੇ ਫੋਜੀਆਂ ਦੇ ਪਰਿਵਾਰਾਂ ਦੇ ਇੱਕ ਮੈਂਬਰ (ਤਰਜੀਹੀ ਤੌਰ 'ਤੇ ਸ਼ਹੀਦ ਦੀ ਪਤਨੀ) ਨੂੰ ਸਰਕਾਰੀ ਨੌਕਰੀ ਦਿਤੀ ਜਾਵੇਗੀ।
- ਰਾਜ ਭਰ ਦੀਆਂ CSD ਕੰਟੀਨਾਂ 'ਤੇ ਲੱਗਣ ਵਾਲੇ ਸਟੇਟ ਟੈਕਸ ਨੂੰ ਹਟਾਇਆ ਜਾਵੇਗਾ|

## ਦਿਵਯਾਂਗ

- ਦਿਵਯਾਂਗ ਬੱਚਿਆਂ ਲਈ Early Intervention Centers ਦਾ ਪੰਜਾਬ ਦੇ ਸਾਰੇ ਸ਼ਹਿਰਾਂ ਵਿੱਚ ਵਿਸਤਾਰ ਕੀਤਾ ਜਾਵੇਗਾ।
- ਵਿਦਿਅਕ ਸੰਸਥਾਵਾਂ ਵਿੱਚ ਵਿਸ਼ੇਸ਼ ਰਿਹਾਇਸ਼ ਦੀਆਂ ਸਹੂਲਤਾਂ ਉਪਲਬਧ ਕਰਾਈਆਂ ਜਾਣਗੀਆਂ।
- ਸਟੇਟ ਐਮਰਜੈਂਸੀ ਹੈਲਪ ਲਾਈਨ ਨੰਬਰ ਬਧਿਰ (ਗੁੰਗੇ ਬੋਲੇ) ਲੋਕਾਂ ਲਈ ਵੀਡੀਓ ਰਿਲੇਅ ਸੇਵਾਵਾਂ ਰਾਹੀਂ ਜੋੜਿਆ ਜਾਵੇਗਾ।
- 8ਵੀਂ ਅਤੇ 12ਵੀਂ ਜਮਾਤ ਤੱਕ ਦੇ ਦਿਵਯਾਂਗ ਬੱਚਿਆਂ ਲਈ ਵਜ਼ੀਫ਼ਾ ਰਾਸ਼ੀ ਵਧਾਕੇ 400 ਅਤੇ 500 ਰੁਪਏ ਕੀਤੀ ਜਾਵੇਗੀ।
- ਨੇਤਰਹੀਣ ਵਿਦਿਆਰਥੀਆਂ ਲਈ ਜ਼ਿਲ੍ਹਾ ਪੱਧਰ

'ਤੇ ਬਰੇਲ ਅਤੇ ਆਡੀਓ ਲਾਇਬ੍ਰੇਰੀਆਂ ਸਥਾਪਿਤ ਕੀਤੀਆਂ ਜਾਣਗੀਆਂ।

- ਦਿਵਯਾਂਗ ਨੌਜਵਾਨਾਂ ਨੂੰ ਸਰਕਾਰੀ ਖੇਤਰ ਵਿੱਚ ਨੌਕਰੀ ਦੀ ਤਰਜੀਹ ਦਿੱਤੀ ਜਾਵੇਗੀ।

## ਟ੍ਰਾਂਸਜੈਂਡਰ ਭਾਈਚਾਰਾ

- ਰਾਜ ਵਿੱਚ ਟਰਾਂਸਜੈਂਡਰ ਭਾਈਚਾਰੇ ਨੂੰ ਪੱਛੜੀਆਂ ਸ਼੍ਰੇਣੀਆਂ ਵਿੱਚ ਸ਼ਾਮਲ ਕੀਤਾ ਜਾਵੇਗਾ।
- ਟ੍ਰਾਂਸਜੈਂਡਰ ਭਾਈਚਾਰੇ ਵਿਰੁੱਧ ਹੋਏ ਅਪਰਾਧਾਂ ਨਾਲ ਸਖ਼ਤੀ ਨਾਲ ਨਿਪਟਿਆ ਜਾਵੇਗਾ ਅਤੇ ਅਜਿਹੇ ਮਾਮਲਿਆਂ ਵਿੱਚ ਸਮਾਂਬੱਧ ਜਾਂਚ ਨੂੰ ਯਕੀਨੀ ਬਣਾਇਆ ਜਾਵੇਗਾ।
- "ਪੱਕੀ ਛੱਤ-ਹਰ ਇਕ ਦਾ ਹੱਕ" ਦੇ ਤਹਿਤ ਮੁਫ਼ਤ ਘਰ ਮੁਹੱਈਆ ਕਰਵਾਏ ਜਾਣਗੇ।
- ਸਾਰੇ ਵਿਦਿਅਕ ਸੰਸਥਾਵਾਂ ਅਤੇ ਜਨਤਕ ਥਾਵਾਂ 'ਤੇ ਟਰਾਂਸਜੈਂਡਰ ਵਾਸ਼ਰੂਮ ਬਣਾਏ ਜਾਣਗੇ।
- ਟਰਾਂਸਜੈਂਡਰ ਭਾਈਚਾਰੇ ਲਈ ਵਿਸ਼ੇਸ਼ ਸਮਰੱਥਾ ਨਿਰਮਾਣ ਅਤੇ ਹੁਨਰ ਸਿਖਲਾਈ ਪ੍ਰੋਗਰਾਮ ਸ਼ੁਰੂ ਕੀਤੇ ਜਾਣਗੇ।

## ਸੀਨੀਅਰ ਸਿਟੀਜ਼ਨ

- ਬਜ਼ੁਰਗ ਨਾਗਰਿਕਾਂ ਲਈ ਪੈਨਸ਼ਨ ਦੀ ਰਕਮ ਵਧਾ ਕੇ 3000 ਰੁਪਏ ਪ੍ਰਤੀ ਮਹੀਨਾ ਕੀਤੀ ਜਾਵੇਗੀ।
- ਇਲਾਜ ਤੁਹਾਡੇ ਦੁਆਰ - ਬਜ਼ੁਰਗਾਂ ਲਈ ਮੁਫ਼ਤ ਮਾਸਿਕ ਸਿਹਤ ਜਾਂਚ ਸ਼ੁਰੂ ਕੀਤੀ ਜਾਵੇਗੀ।
- ਬਜ਼ੁਰਗਾਂ ਨੂੰ ਟੈਲੀ-ਕੰਸਲਟੈਂਸੀ ਸੇਵਾ ਦਿੱਤੀ ਜਾਵੇਗੀ।

## ਵਕੀਲ

- ਡਿਗਰੀ ਤੋਂ ਬਾਦ 2 ਸਾਲ ਤਕ ਨੌਜਵਾਨ ਵਕੀਲਾਂ ਨੂੰ 5000 ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਜਾਵੇਗੀ। ਸਾਰੇ ਵਕੀਲਾਂ ਨੂੰ ਮੁਫ਼ਤ ਮੈਡੀਕਲ ਬੀਮਾ ਵੀ ਪ੍ਰਦਾਨ ਕੀਤਾ ਜਾਵੇਗਾ।
- ਸੂਬੇ ਦੇ ਸਾਰੇ ਵਕੀਲਾਂ ਨੂੰ ਗਰੁੱਪ ਮੈਡੀਕਲ ਬੀਮਾ ਦਿੱਤਾ ਜਾਵੇਗਾ।
- ਅਦਾਲਤਾਂ ਵਿੱਚ ਫ੍ਰੀ WiFi ਅਤੇ ਵੀਡੀਓ ਕਾਨਫਰੰਸਿੰਗ ਸੁਵਿਧਾਵਾਂ ਵਾਲੇ ਵੱਖਰੇ ਚੈਂਬਰ ਬਣਵਾਏ ਜਾਣਗੇ।
- ਪੰਜਾਬ ਸਰਕਾਰ, ਬਾਰ ਕੌਂਸਲ ਦੇ ਮੈਂਬਰਾਂ ਅਤੇ ਬਾਰ ਐਸੋਸੀਏਸ਼ਨਾਂ ਵਿਚਕਾਰ ਤਾਲਮੇਲ ਨੂੰ ਮਜ਼ਬੂਤ ਕੀਤਾ ਜਾਵੇਗਾ ਅਤੇ ਉਨ੍ਹਾਂ ਦੇ ਮੁਦੇਆਂ ਦਾ ਹੱਲ ਕੀਤਾ ਜਾਵੇਗਾ।
- ਦੋਆਬਾ, ਮਾਝਾ ਅਤੇ ਮਾਲਵਾ ਖੇਤਰ ਵਿੱਚ ਬਾਰ ਕੌਂਸਲ ਦਫ਼ਤਰ ਬਣਾਏ ਜਾਣਗੇ।
- ਵਕੀਲਾਂ ਵਿਰੁੱਧ ਸ਼ਿਕਾਇਤਾਂ ਅਤੇ ਕੇਸਾਂ ਦੇ ਨਿਪਟਾਰੇ ਨੂੰ ਬਾਰ ਕੌਂਸਲਾਂ ਦੀ ਮਦਦ ਨਾਲ ਸੁਲਝਾਇਆ ਜਾਵੇਗਾ।

## NRI ਭਲਾਈ

- ਦੁਨੀਆ ਭਰ ਦੇ ਪੰਜਾਬੀ ਪ੍ਰਵਾਸੀ ਭਾਰਤੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਇੱਕ ਆਨਲਾਈਨ ਪੋਰਟਲ ਅਤੇ ਟੋਲ-ਫ੍ਰੀ ਨੰਬਰ ਸ਼ੁਰੂ ਕੀਤਾ ਜਾਵੇਗਾ।
- ਪ੍ਰਵਾਸੀ ਭਾਰਤੀਆਂ ਦੇ ਸਾਰੇ ਝਗੜਿਆਂ ਨੂੰ ਜਲਦ ਤੋਂ ਜਲਦ ਹੱਲ ਕਰਨ ਲਈ ਫਾਸਟ ਟਰੈਕ ਅਦਾਲਤ ਵਿੱਚ ਭੇਜਿਆ ਜਾਵੇਗਾ, ਜਿੱਥੇ ਵਰਚੁਅਲ

ਸੁਣਵਾਈ ਦਾ ਪ੍ਰਬੰਧ ਵੀ ਕੀਤਾ ਜਾਵੇਗਾ।

- ਅੰਤਰਰਾਸ਼ਟਰੀ ਕਾਲਜਾਂ/ਯੂਨੀਵਰਸਿਟੀਆਂ ਵਿੱਚ ਸਿੱਖਿਆ ਹਾਸਲ ਕਰਨ ਦੀ ਇੱਛਾ ਰੱਖਣ ਵਾਲੇ ਵਿਦਿਆਰਥੀਆਂ ਦੀ ਸਹਾਇਤਾ ਲਈ ਇੱਕ ਪੋਰਟਲ ਬਣਾਇਆ ਜਾਵੇਗਾ। ਇਹ ਪੋਰਟਲ ਦੁਨੀਆ ਭਰ ਦੀਆਂ ਚੰਗੀਆਂ ਯੂਨੀਵਰਸਿਟੀਆਂ ਵਿੱਚ ਉਚਿਤ ਕੋਰਸਾਂ ਲਈ ਵਿਦਿਆਰਥੀਆਂ ਦੀ ਮਦਦ ਕਰੇਗਾ।

## ਮੀਡਿਆ

- ਪੱਤਰਕਾਰ ਸਾਥੀਆਂ ਨੂੰ ਗਰੁੱਪ ਹਾਉਸਿੰਗ ਸਹੂਲਤ ਦਿੱਤੀ ਜਾਵੇਗੀ ਅਤੇ ਯੋਜਨਾਬੱਧ ਤਰੀਕੇ ਨਾਲ ਅਲਾਟਮੈਂਟ ਕੀਤੀ ਜਾਵੇਗੀ।
- ਸੂਬੇ ਵਿੱਚ ਤਹਿਸੀਲ ਪੱਧਰ 'ਤੇ ਪ੍ਰੈਸ ਕਲੱਬ ਬਣਾਏ ਜਾਣਗੇ।
- ਪੱਤਰਕਾਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਮੁਫਤ ਇਲਾਜ ਮੁਹੱਈਆ ਕਰਵਾਉਣ ਲਈ ਮੈਡੀਕਲ ਬੀਮਾ ਪਾਲਿਸੀ ਤਿਆਰ ਕੀਤੀ ਜਾਵੇਗੀ।
- ਆਸਾਨ ਸ਼ਰਤਾਂ 'ਤੇ ਮੀਡੀਆ ਉਪਕਰਨ ਖਰੀਦਣ ਲਈ ਕਰਜ਼ੇ ਮੁਹੱਈਆ ਕਰਵਾਏ ਜਾਣਗੇ।
- ਮੀਡੀਆ ਕਰਮੀਆਂ ਦਾ ਟੋਲ ਟੈਕਸ ਮਾਫ ਕੀਤਾ ਜਾਵੇਗਾ।

## ਹੋਮ ਗਾਰਡ

- ਹਰਿਆਣਾ ਦੀ ਤਰਜ 'ਤੇ ਹੋਮਗਾਰਡਜ਼ ਦੀ ਤਨਖ਼ਾਹ 12,000 ਰੁ. ਤੋਂ ਵਧਾ ਕੇ 20,000 ਤੋਂ ਰੁ. ਕੀਤੀ ਜਾਵੇਗੀ।
- ਹੋਮ ਗਾਰਡਾਂ ਨੂੰ ਪੰਜਾਬ ਪੁਲਿਸ ਦੇ ਬਰਾਬਰ ਸਹੂਲਤਾਂ ਦਿੱਤੀਆਂ ਜਾਣਗੀਆਂ।

## ਨੰਬਰਦਾਰ

- ਨੰਬਰਦਾਰਾਂ ਦਾ ਮਾਣ ਭੱਤਾ ਵਧਾ ਕੇ 3000 ਰੁਪਏ ਕੀਤਾ ਜਾਵੇਗਾ।
- ਨੰਬਰਦਾਰਾਂ ਦੇ ਸਾਰੇ ਬਕਾਇਆ ਅਦਾ ਕੀਤੇ ਜਾਣਗੇ।

## ਛਾਉਣੀ(ਕੈਂਟ) ਖੇਤਰ

- One Step solution ਲਈ ਨਗਰਪਾਲਿਕਾ ਵਜੋਂ ਘੋਸ਼ਿਤ ਹਰ ਛਾਉਣੀ ਖੇਤਰ ਵਿੱਚ ਸੁਵਿਧਾ ਕੇਂਦਰ ਸਥਾਪਿਤ ਕੀਤੇ ਜਾਣਗੇ।
- ਮਿਉਨਿਸਪਲ ਏਰੀਆ ਐਲਾਨੇ ਗਏ ਛਾਉਣੀ ਖੇਤਰਾਂ ਵਿੱਚ ਮਿਉਨਿਸਪਲ ਟੈਕਸ ਘਟਾਏ ਜਾਣਗੇ।



NDA ਦਾ

# ਸੰਕਲਪ ਪੱਤਰ

2022